ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2442 | 22 April, 2026 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਐਪਲ ਨੂੰ ਮਿਲਿਆ ਨਵਾਂ ਸੀਈਓ, ਟਿਮ ਕੁੱਕ ਦੀ ਥਾਂ ਜੌਨ ਟਰਨਸ ਸੰਭਾਲਣਗੇ ਜ਼ਿੰਮੇਵਾਰੀ !

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਐਪਲ ਨੂੰ 15 ਸਾਲਾਂ ਬਾਅਦ ਨਵਾਂ ਚੀਫ਼ ਐਗਜ਼ੀਕਿਊਟਿਵ ਅਫ਼ਸਰ ਮਿਲ ਰਿਹਾ ਹੈ ਅਤੇ ਕੰਪਨੀ ਦੇ ਮੌਜੂਦਾ ਸੀਈਓ ਟਿਮ ਕੁੱਕ ਨੇ ਸੀਈਓ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਫੈਸਲਾ ਕੀਤਾ ਹੈ। ਐਪਲ ਦੀ ਲੀਡਰਸ਼ਿਪ ਵਿੱਚ ਬਦਲਾਅ ਦੀ ਚਰਚਾ ਕਾਫ਼ੀ ਸਮੇਂ ਤੋਂ ਚੱਲ ਰਹੀ ਸੀ ਅਤੇ ਹੁਣ ਇਹ ਅਧਿਕਾਰਤ ਤੌਰ 'ਤੇ ਸਾਫ਼ ਹੋ ਗਿਆ ਹੈ ਕਿ ਟਿਮ ਕੁੱਕ ਦੇ ਜਾਣ ਤੋਂ ਬਾਅਦ ਐਪਲ ਦੇ ਅਗਲੇ ਸੀਈਓ ਜੌਨ ਟਰਨਸ ਬਣਨਗੇ।



ਜੌਨ ਇਸ ਸਮੇਂ ਕੰਪਨੀ ਦੇ ਹਾਰਡਵੇਅਰ ਇੰਜੀਨੀਅਰਿੰਗ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਵਜੋਂ ਕੰਮ ਕਰ ਰਹੇ ਹਨ। ਜੌਨ 1 ਸਤੰਬਰ ਤੋਂ ਕੰਪਨੀ ਦੇ 8ਵੇਂ ਸੀਈਓ ਵਜੋਂ ਕੰਮ ਕਰਨਗੇ। ਦੁਨੀਆ ਵਿੱਚ ਸਭ ਤੋਂ ਵੱਧ ਵਿਕਣ ਵਾਲੇ ਸਮਾਰਟਫ਼ੋਨ, ਯਾਨੀ ਆਈਫ਼ੋਨ ਬਣਾਉਣ ਵਾਲੀ ਵੱਕਾਰੀ ਕੰਪਨੀ ਐਪਲ ਦੇ ਸੀਈਓ ਵਜੋਂ ਜੌਨ ਟਰਨਸ ਦੇ ਸਾਹਮਣੇ ਬਹੁਤ ਵੱਡੀ ਜ਼ਿੰਮੇਵਾਰੀ ਹੋਵੇਗੀ।

ਜੌਨ ਟਰਨਸ ਨੇ ਸਾਲ 2001 ਵਿੱਚ ਇਸ ਟੈਕ ਕੰਪਨੀ ਨੂੰ ਜੁਆਇਨ ਕੀਤਾ ਸੀ। ਉਹ ਉਸ ਸਮੇਂ ਪ੍ਰੋਡਕਟ ਡਿਜ਼ਾਈਨ ਟੀਮ ਦਾ ਹਿੱਸਾ ਸਨ। ਉਹ ਕੰਪਨੀ ਦੇ ਫਾਊਂਡਰ ਸਟੀਵ ਜੌਬਸ ਦੇ ਨਾਲ ਵੀ ਕੰਮ ਕਰ ਚੁੱਕੇ ਹਨ। ਐਪਲ ਤੋਂ ਪਹਿਲਾਂ ਉਨ੍ਹਾਂ ਨੇ 'ਵਰਚੁਅਲ ਰਿਸਰਚ ਸਿਸਟਮਜ਼' ਵਿੱਚ ਇੱਕ ਮਕੈਨੀਕਲ ਇੰਜੀਨੀਅਰ ਵਜੋਂ ਕੰਮ ਕੀਤਾ ਸੀ।ਟਰਨਸ 2013 ਵਿੱਚ ਹਾਰਡਵੇਅਰ ਇੰਜੀਨੀਅਰਿੰਗ ਦੇ ਵਾਈਸ ਪ੍ਰੈਜ਼ੀਡੈਂਟ ਬਣੇ ਅਤੇ ਫਿਰ 2021 ਵਿੱਚ ਉਨ੍ਹਾਂ ਨੂੰ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਬਣਾ ਦਿੱਤਾ ਗਿਆ। ਇਨ੍ਹਾਂ ਸਾਲਾਂ ਦੌਰਾਨ ਟਰਨਸ ਨੇ ਆਈਪੈਡ, ਏਅਰਪੌਡਸ, ਆਈਫ਼ੋਨ, ਐਪਲ ਵਾਚ ਅਤੇ ਹਾਲ ਹੀ ਵਿੱਚ ਲਾਂਚ ਹੋਏ ਮੈਕਬੁੱਕ ਨਿਓ ਵਰਗੇ ਵੱਡੇ ਡਿਵਾਈਸਾਂ 'ਤੇ ਕੰਮ ਕੀਤਾ।51 ਸਾਲਾ ਟਰਨਸ ਲਗਭਗ ਉਸੇ ਉਮਰ ਦੇ ਹਨ, ਜਿਸ ਉਮਰ ਵਿੱਚ ਟਿਮ ਕੁੱਕ ਨੇ ਐਪਲ ਦੇ ਸੀਈਓ ਦੀ ਕਮਾਨ ਸੰਭਾਲੀ ਸੀ। ਟਰਨਸ ਨੇ ਕਿਹਾ, "ਐਪਲ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਣ ਦਾ ਇਹ ਮੌਕਾ ਮਿਲਣ 'ਤੇ ਮੈਂ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ ਆਪਣਾ ਲਗਭਗ ਪੂਰਾ ਕਰੀਅਰ ਐਪਲ ਵਿੱਚ ਹੀ ਬਿਤਾਇਆ ਹੈ, ਅਤੇ ਮੈਂ ਖੁਸ਼ਕਿਸਮਤ ਹਾਂ ਕਿ ਮੈਨੂੰ ਸਟੀਵ ਜੌਬਸ ਦੇ ਮਾਰਗਦਰਸ਼ਨ ਵਿੱਚ ਕੰਮ ਕਰਨ ਅਤੇ ਟਿਮ ਕੁੱਕ ਨੂੰ ਆਪਣਾ ਮੈਂਟਰ ਬਣਾਉਣ ਦਾ ਮੌਕਾ ਮਿਲਿਆ।"

# ਅਮਰੀਕਾ ਨੇ ਈਰਾਨ ਨਾਲ ਜੰਗਬੰਦੀ ਨੂੰ ਅੱਗੇ ਵਧਾਇਆ ਈਰਾਨ ਨੇ ਟਰੰਪ ਦੇ ਜੰਗਬੰਦੀ ਵਾਧੇ ਨੂੰ ਕੀਤਾ ਰੱਦ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਪਾਕਿਸਤਾਨ ਦੀ ਬੇਨਤੀ 'ਤੇ ਈਰਾਨ ਨਾਲ ਜੰਗਬੰਦੀ ਵਧਾ ਰਿਹਾ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਜੰਗਬੰਦੀ ਕਿੰਨੇ ਸਮੇਂ ਲਈ ਵਧਾਈ ਗਈ ਹੈ। ਟਰੰਪ ਨੇ ਕਿਹਾ ਕਿ ਇਸ ਸਮੇਂ ਈਰਾਨੀ ਲੀਡਰਸ਼ਿਪ ਅਤੇ ਸਰਕਾਰ ਵਿੱਚ ਏਕਤਾ ਦੀ ਘਾਟ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫੌਜ ਮੁਖੀ ਨੇ ਉਨ੍ਹਾਂ ਨੂੰ ਈਰਾਨ 'ਤੇ ਹਮਲੇ ਅਸਥਾਈ ਤੌਰ 'ਤੇ ਰੋਕਣ ਦੀ ਅਪੀਲ ਕੀਤੀ ਤਾਂ ਜੋ ਈਰਾਨ ਨੂੰ ਇੱਕ ਸਾਂਝਾ ਪ੍ਰਸਤਾਵ ਤਿਆਰ ਕਰਨ ਲਈ ਸਮਾਂ ਦਿੱਤਾ ਜਾ ਸਕੇ।ਟਰੰਪ ਨੇ ਕਿਹਾ ਕਿ, ਇਸ ਬੇਨਤੀ ਦੇ ਜਵਾਬ ਵਿੱਚ, ਉਨ੍ਹਾਂ ਨੇ ਅਮਰੀਕੀ ਫੌਜ ਨੂੰ ਫਿਲਹਾਲ ਹਮਲੇ ਰੋਕਣ ਦਾ ਹੁਕਮ ਦਿੱਤਾ ਹੈ। ਹਾਲਾਂਕਿ, ਫੌਜ ਨੂੰ ਪੂਰੀ ਤਰ੍ਹਾਂ ਤਿਆਰ ਰਹਿਣ ਦਾ ਨਿਰਦੇਸ਼ ਦਿੱਤਾ ਗਿਆ ਹੈ, ਅਤੇ ਨਾਕਾਬੰਦੀ ਈਰਾਨ 'ਤੇ ਦਬਾਅ ਬਣਾਈ ਰੱਖਣ ਲਈ ਜਾਰੀ ਰਹੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਜੰਗਬੰਦੀ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਈਰਾਨ ਇੱਕ ਠੋਸ ਅਤੇ ਏਕੀਕ੍ਰਿਤ ਪ੍ਰਸਤਾਵ ਪੇਸ਼ ਨਹੀਂ ਕਰਦਾ ਅਤੇ ਗੱਲਬਾਤ ਪੂਰੀ ਨਹੀਂ ਹੋ ਜਾਂਦੀ, ਭਾਵੇਂ ਨਤੀਜਾ ਕੁਝ ਵੀ ਹੋਵੇ।ਜਦੋਂ ਕਿ ਇੱਕ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜੰਗਬੰਦੀ ਵਧਾਉਣ ਦਾ ਐਲਾਨ ਕੀਤਾ, ਤਾਂ ਦੂਜੇ ਪਾਸੇ ਈਰਾਨ ਨੇ ਇਸਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਹੈ। ਤਹਿਰਾਨ ਕਹਿੰਦਾ ਹੈ ਕਿ ਉਹ ਇਸ "ਇਕਪਾਸੜ ਫੈਸਲੇ" ਨੂੰ ਸਵੀਕਾਰ ਨਹੀਂ ਕਰਦਾ ਅਤੇ ਆਪਣੇ ਰਾਸ਼ਟਰੀ ਹਿੱਤਾਂ ਅਨੁਸਾਰ ਅੱਗੇ ਵਧੇਗਾ। ਈਰਾਨੀ ਸੰਸਦ ਦੇ ਸਪੀਕਰ ਦੇ ਸਲਾਹਕਾਰ ਮਹਿਦੀ ਮੁਹੰਮਦੀ ਨੇ ਵੀ ਟਰੰਪ ਦੇ ਫੈਸਲੇ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਕਿਹਾ, "ਟਰੰਪ ਦੇ ਜੰਗਬੰਦੀ ਵਧਾਉਣ ਦਾ ਕੋਈ ਮਤਲਬ ਨਹੀਂ ਹੈ। ਹਾਰਨ ਵਾਲੇ ਸ਼ਰਤਾਂ ਨਹੀਂ ਲਗਾ ਸਕਦੇ।" ਇਹ ਬਿਆਨ ਸਪੱਸ਼ਟ ਤੌਰ 'ਤੇ ਈਰਾਨ ਦੀ ਇਸ ਮੁੱਦੇ 'ਤੇ ਨਾ ਝੁਕਣ ਦੀ ਇੱਛਾ ਨੂੰ ਦਰਸਾਉਂਦਾ ਹੈ।ਪਰ ਦਿਲਚਸਪ ਗੱਲ ਇਹ ਹੈ ਕਿ ਜਦੋਂ ਕਿ ਬਿਆਨ ਟਕਰਾਅ ਵਾਲੇ ਹੋ ਸਕਦੇ ਹਨ, ਪਰ ਜ਼ਮੀਨੀ ਸਥਿਤੀ ਪੂਰੀ ਤਰ੍ਹਾਂ ਵੱਖਰੀ ਹੈ। ਕੋਈ ਵੱਡੇ ਪੱਧਰ 'ਤੇ ਹਮਲੇ ਨਹੀਂ ਹੋ ਰਹੇ ਹਨ, ਨਾ ਹੀ ਸਥਿਤੀ ਪੂਰੀ ਤਰ੍ਹਾਂ ਵਿਗੜੀ ਹੈ। ਜਹਾਜ਼ ਅਜੇ ਵੀ ਨਿਰਧਾਰਤ ਰੂਟਾਂ ਦੇ ਅੰਦਰ ਕੰਮ ਕਰ ਰਹੇ ਹਨ, ਅਤੇ ਫੌਜੀ ਗਤੀਵਿਧੀਆਂ ਸੀਮਤ ਜਾਪਦੀਆਂ ਹਨ। ਇਸਦਾ ਮਤਲਬ ਹੈ ਕਿ ਦੋਵੇਂ ਦੇਸ਼ ਵੱਖੋ-ਵੱਖਰੀਆਂ ਗੱਲਾਂ ਕਹਿ ਰਹੇ ਹਨ, ਪਰ ਅਮਲ ਵਿੱਚ, ਜੰਗਬੰਦੀ ਵਰਗਾ ਮਾਹੌਲ ਬਣਿਆ ਹੋਇਆ ਹੈ।ਇਸਨੂੰ ਇੱਕ ਅਜਿਹੇ ਸਮੇਂ ਵਜੋਂ ਸਮਝਿਆ ਜਾ ਸਕਦਾ ਹੈ ਜਿੱਥੇ ਕੋਈ ਵੀ ਪੱਖ ਖੁੱਲ੍ਹ ਕੇ ਪਿੱਛੇ ਹਟਣਾ ਨਹੀਂ ਚਾਹੁੰਦਾ, ਪਰ ਨਾ ਹੀ ਇਹ ਪੂਰੀ ਤਰ੍ਹਾਂ ਟਕਰਾਅ ਵਿੱਚ ਵਧ ਰਿਹਾ ਹੈ।

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ


EQUAL HOUSING OPPORTUNITY

★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ

★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।





ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

**INDIA**
**ਪੈਸੇ ਭੇਜਣ ਲਈ**
**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**

**Contact Number**

# +1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਪ੍ਰਤਿਭਾਸ਼ਾਲੀ ਫ਼ਿਲਮਸਾਜ਼ ਅਤੇ ਲੇਖਕ: ਸਤਿਆਜੀਤ ਰੇਅ

ਬੰਗਲਾ ਫ਼ਿਲਮਸਾਜ਼ ਸਤਿਆਜੀਤ ਰੇਅ ਵੀਹਵੀਂ ਸਦੀ 'ਚ ਵਿਸ਼ਵ ਦੀਆਂ ਮਹਾਨਤਮ ਫਿਲਮ ਹਸਤੀਆਂ ਵਿੱਚੋਂ ਇੱਕ ਸੀ, ਜਿਸ ਨੇ ਯਥਾਰਥਵਾਦੀ ਧਾਰਾ ਦੀਆਂ ਫਿਲਮਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਤੋਂ ਇਲਾਵਾ ਉਹਨੇ ਸਾਹਿਤ ਤੇ ਚਿੱਤਰਕਲਾ ਵਰਗੀਆਂ ਹੋਰ ਵਿਧਾਵਾਂ ਵਿੱਚ ਵੀ ਆਪਣੀ ਪ੍ਰਤਿਭਾ ਦੀ ਛਾਪ ਛੱਡੀ। ਮੁੱਖ ਤੌਰ ਤੇ ਉਹ ਫਿਲਮ ਨਿਰਦੇਸ਼ਕ ਵਜੋਂ ਜਾਣਿਆ ਜਾਂਦਾ ਹੈ ਪਰ ਲੇਖਕ, ਨਿਰਮਾਤਾ ਅਤੇ ਸਾਹਿਤਕਾਰ ਵਜੋਂ ਵੀ ਉਸ ਨੇ ਜ਼ਿਕਰਯੋਗ ਪ੍ਰਸਿੱਧੀ ਪ੍ਰਾਪਤ ਕੀਤੀ। ਸਤਿਆਜੀਤ ਰੇਅ ਦਾ ਜਨਮ 2 ਮਈ 1921 ਈ. ਨੂੰ ਕਲਕੱਤਾ (ਹੁਣ ਕੋਲਕਾਤਾ) ਵਿਖੇ ਸੁਕੁਮਾਰ ਰੇਅ ਦੇ ਘਰ ਮਾਂ ਸੁਪ੍ਰਭਾ ਰੇਅ ਦੀ ਕੁੱਖੋਂ ਹੋਇਆ।

ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸਤਿਆਜੀਤ ਰੇਅ ਦੇ ਪਿਤਾ ਸੁਕੁਮਾਰ ਰੇਅ ਦੀ ਮੌਤ 1923 ਈ. 'ਚ ਹੋਈ, ਜਦੋਂ ਉਹ ਸਿਰਫ ਦੋ ਸਾਲਾਂ ਦਾ ਸੀ। ਉਹਦੀ ਪਾਲਣਾ ਪੋਸ਼ਣਾ ਮਾਂ ਨੇ ਆਪਣੇ ਪੇਕੇ ਰਹਿ ਕੇ ਕੀਤੀ। ਉਸ ਦੀ ਮੁੱਢਲੀ ਪੜ੍ਹਾਈ ਘਰ ਹੀ ਵਿੱਚ ਹੋਈ। ਤੇ ਸੰਨ 1936 ਵਿੱਚ ਬਾਲੀਗੰਜ ਗੌਰਮਿੰਟ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ। ਉਹਦੀ ਮਾਂ ਰਵੀਂਦ੍ਰ ਸੰਗੀਤ ਦੀ ਜਾਣੀ-ਪਛਾਣੀ ਗਾਇਕਾ ਸੀ ਤੇ ਉਹਦੀ ਆਵਾਜ਼ ਬੜੀ ਦਮਦਾਰ ਸੀ। ਰੇਅ ਦੇ ਦਾਦਾ ਉਪੇਂਦਰ ਕਿਸ਼ੋਰ ਇੱਕ ਲੇਖਕ ਤੇ ਚਿੱਤਰਕਾਰ ਸਨ ਤੇ ਪਿਤਾ ਵੀ ਬੰਗਲਾ ਵਿੱਚ ਰੋਚਕ ਬਾਲ ਕਵਿਤਾਵਾਂ ਲਿਖਦੇ ਸਨ ਅਤੇ ਚਿੱਤਰਕਾਰੀ ਵੀ ਕਰਦੇ ਸਨ। ਇਹ ਪਰਿਵਾਰ ਟੈਗੋਰ ਘਰਾਣੇ ਦੇ ਕਾਫੀ ਨੇੜੇ ਸੀ।

ਪ੍ਰੈਜ਼ੀਡੈਂਸੀ ਕਾਲਜ ਕਲਕੱਤਾ ਤੋਂ ਗ੍ਰੈਜੂਏਸ਼ਨ ਕਰਨ ਪਿੱਛੋਂ ਰੇਅ ਪੇਂਟਿੰਗ ਦੇ ਅਧਿਐਨ ਲਈ ਟੈਗੋਰ ਦੀ ਰਵੀਂਦ੍ਰ ਭਾਰਤੀ ਯੂਨੀਵਰਸਿਟੀ ਸ਼ਾਂਤੀ ਨਿਕੇਤਨ ਚਲਾ ਗਿਆ। ਇੱਥੇ ਉਸ ਨੇ ਨੰਦ ਲਾਲ ਬੋਸ ਤੇ ਵਿਨੋਦ ਬਿਹਾਰੀ ਮੁਖੋਪਾਧਿਆਇ ਵਰਗੇ ਪ੍ਰਸਿੱਧ ਕਲਾਕਾਰਾਂ ਤੋਂ ਸਿੱਖਿਆ ਪ੍ਰਾਪਤ ਕੀਤੀ, ਜਿਨ੍ਹਾਂ 'ਤੇ ਉਸ ਨੇ ਪਿੱਛੋਂ 'ਇਨਰ ਆਈ ਫਿਲਮ' ਵੀ ਬਣਾਈ ਸੀ।

1941 ਵਿੱਚ ਬਿਜੋਇਆ ਦਾਸ ਨਾਲ ਵਿਆਹੇ ਸਤਿਆਜੀਤ ਰੇਅ ਦਾ ਇੱਕ ਬੇਟਾ ਹੈ ਸੰਦੀਪ ਰੇਅ, ਜੋ ਆਪਣੇ ਪਿਤਾ ਵਾਂਗ ਹੀ ਫਿਲਮਸਾਜ਼ ਹੈ।

1942 ਵਿੱਚ ਮੱਧ ਭਾਰਤ ਦੇ ਕਲਾ-ਸਮਾਰਕਾਂ ਦੀ ਯਾਤਰਾ ਕਰਨ ਪਿੱਛੋਂ ਉਸ ਨੇ ਸ਼ਾਂਤੀਨਿਕੇਤਨ ਨੂੰ ਛੱਡ ਦਿੱਤਾ। ਛੇਤੀ ਹੀ ਉਹ ਨੂੰ ਬ੍ਰਿਟਿਸ਼ ਵਿਗਿਆਨ ਏਜੰਸੀ ਡੀ ਜੇ ਕੇਮਰ ਐਂਡ ਕੰਪਨੀ ਵਿੱਚ ਕਮਰਸ਼ੀਅਲ ਆਰਟਿਸਟ ਵਜੋਂ ਨੌਕਰੀ ਮਿਲ ਗਈ, ਜਿੱਥੇ ਉਸ ਨੇ ਪੁਸਤਕਾਂ ਦੀ ਡਿਜ਼ਾਈਨਿੰਗ ਅਤੇ ਰੇਖਾਂਕਨ ਤੇ ਕਾਫ਼ੀ ਕੰਮ ਕੀਤਾ। ਜਿਨ੍ਹਾਂ ਕਿਤਾਬਾਂ ਤੇ ਉਸ ਨੇ ਡਿਜ਼ਾਈਨਿੰਗ ਕੀਤੀ, ਉਨ੍ਹਾਂ ਵਿੱਚ ਵਿਭੂਤੀਭੂਸ਼ਣ ਬੰਧੋਪਾਧਿਆਇ ਦੀ 'ਪਾਥੇਰ ਪਾਂਚਾਲੀ' ਦਾ ਸੰਖੇਪ ਰੂਪਾਂਤਰਣ ਵੀ ਸ਼ਾਮਲ ਸੀ।



ਰੇਅ ਫਿਲਮ ਨਿਰਮਾਣ ਨਾਲ ਸਬੰਧਿਤ ਬਹੁਤੇ ਕੰਮ ਆਪ ਹੀ ਕਰਦਾ ਸੀ। ਇਨ੍ਹਾਂ ਵਿੱਚ ਨਿਰਦੇਸ਼ਨ, ਪਟਕਥਾ, ਪਿੱਠਵਰਤੀ ਸੰਗੀਤ, ਕਲਾ-ਨਿਰਦੇਸ਼ਨ, ਸੰਪਾਦਨ ਆਦਿ ਸ਼ਾਮਲ ਹੈ। ਰੇਅ ਨੇ ਬੰਗਲਾ ਭਾਸ਼ਾ ਤੇ ਬਾਲ-ਸਾਹਿਤ ਵਿੱਚ ਦੋ ਲੋਕਪ੍ਰਿਅ ਪਾਤਰਾਂ ਦੀ ਸਿਰਜਣਾ ਕੀਤੀ- ਜਾਸੂਸ ਫ਼ੇਲੂਦਾ ਅਤੇ ਪ੍ਰੋਫੈਸਰ ਸ਼ੰਕੂ। ਉਸਦੇ ਦੋ ਬਾਲ-ਨਾਵਲਾਂ - 'ਸੋਨੇ ਦਾ ਕਿਲ੍ਹਾ' ਅਤੇ 'ਮਾਸਟਰ ਅੰਸ਼ੂਮਾਨ' ਨੂੰ ਇਨ੍ਹਾਂ ਸਤਰਾਂ ਦੇ ਲੇਖਕ (ਪ੍ਰੋ. ਨਵ ਸੰਗੀਤ ਸਿੰਘ) ਨੇ ਕ੍ਰਮਵਾਰ 1991 ਤੇ 1992 ਵਿੱਚ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਉਸ ਨੇ ਕਈ ਕਹਾਣੀਆਂ ਵੀ ਲਿਖੀਆਂ, ਜੋ ਬਾਰਾਂ-ਬਾਰਾਂ ਕਹਾਣੀਆਂ ਦੇ ਸੰਗ੍ਰਹਿ ਵਿੱਚ ਪ੍ਰਕਾਸ਼ਿਤ ਹੋਈਆਂ ਅਤੇ ਸਦਾ ਉਨ੍ਹਾਂ ਦੇ ਨਾਂ ਵਿੱਚ ਇਨ੍ਹਾਂ ਬਾਰਾਂ ਨਾਲ ਸਬੰਧਤ ਸ਼ਬਦਾਂ ਦੀ ਖੇਡ ਹੁੰਦੀ ਸੀ।

ਉਦਾਹਰਣ ਲਈ 'ਇਕੋਰ ਪਿਠੇ ਦੁਏ' (ਯਾਨੀ ਇੱਕ ਦੇ ਉੱਤੇ ਦੋ)। ਰੇਅ ਨੂੰ ਪਹੇਲੀਆਂ ਅਤੇ ਬਹੁਅਰਥੀ ਸ਼ਬਦਾਂ ਦੀ ਖੇਡ ਨਾਲ ਬਹੁਤ ਪ੍ਰੇਮ ਸੀ। ਰੇਅ ਦੀਆਂ ਕਰੀਬ ਸਾਰੀਆਂ ਹੀ ਕਹਾਣੀਆਂ ਹਿੰਦੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋ ਚੁੱਕੀਆਂ ਹਨ। ਰੇਅ ਦੇ ਦੋ ਬਾਲ-ਨਾਵਲਾਂ ('ਸੋਨੇ ਦਾ ਕਿਲ੍ਹਾ' ਅਤੇ 'ਮਾਸਟਰ ਅੰਸ਼ੂਮਾਨ') ਦਾ ਪੰਜਾਬੀ ਅਨੁਵਾਦ ਇਨ੍ਹਾਂ ਸਤਰਾਂ ਦੇ ਲੇਖਕ ਵੱਲੋਂ ਕੀਤਾ ਗਿਆ ਹੈ, ਜੋ ਕ੍ਰਮਵਾਰ 1991 ਅਤੇ 1992 ਵਿੱਚ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਹੋ ਚੁੱਕਾ ਹੈ। ਮੌਜੂਦਾ ਸਮੇਂ ਉਹਦੇ ਇੱਕ ਹੋਰ ਬਾਲ-ਨਾਵਲ 'ਪ੍ਰੋਫ਼ੈਸਰ ਸ਼ੰਕੂ ਦੇ ਕਾਰਨਾਮੇ' ਦੇ ਅਨੁਵਾਦ ਦਾ ਕਾਰਜ ਜਾਰੀ ਹੈ।

ਰੇਅ ਦਾ ਲੱਗਭੱਗ ਸਾਰਾ ਸਾਹਿਤ ਬੰਗਲਾ ਭਾਸ਼ਾ ਦੀ ਸਾਹਿਤਕ ਪੱਤ੍ਰਿਕਾ 'ਏਕਸਾਨ' ਵਿੱਚ ਪ੍ਰਕਾਸ਼ਿਤ ਹੋ ਚੁੱਕਾ ਹੈ। ਉਸ ਨੇ 1982 ਵਿੱਚ ਆਪਣੀ ਸਵੈਜੀਵਨੀ ਲਿਖੀ ਸੀ- "ਜਖਨ ਛੋਟੋ ਫਿਲਮ" (ਜਦੋਂ ਮੈਂ ਛੋਟਾ ਸਾਂ)।

ਇਸ ਤੋਂ ਬਿਨਾਂ ਉਸ ਨੇ ਫਿਲਮਾਂ ਤੇ ਕਈ ਕਿਤਾਬਾਂ ਵੀ ਲਿਖੀਆਂ, ਜਿਨ੍ਹਾਂ ਵਿੱਚ ਪ੍ਰਸਿੱਧ ਹੈ 'ਅਵਰ ਫਿਲਮਜ਼ ਦੇਅਰ ਫ਼ਿਲਮਜ਼'। 1976 ਵਿੱਚ ਪ੍ਰਕਾਸ਼ਿਤ ਇਹ ਕਿਤਾਬ ਆਲੋਚਨਾ ਦਾ ਸੰਗ੍ਰਹਿ ਹੈ। ਇਸ ਦੇ ਪਹਿਲੇ ਭਾਗ ਵਿੱਚ ਭਾਰਤੀ ਸਿਨੇਮਾ ਦਾ ਵੇਰਵਾ ਹੈ ਤੇ ਦੂਜਾ ਹਾਲੀਵੁੱਡ 'ਤੇ ਕੇਂਦਰਿਤ ਹੈ। ਰੇਅ ਨੇ ਚਾਰਲੀ ਚੈਪਲਿਨ ਅਤੇ ਅਕੀਰਾ ਕੁਰੋਸਾਵਾ ਵਰਗੇ ਨਿਰਦੇਸ਼ਕਾਂ ਤੇ ਨਵ-ਯਥਾਰਥਵਾਦ ਜਿਹੇ ਵਿਸ਼ਿਆਂ ਤੇ ਵਿਸ਼ੇਸ਼ ਧਿਆਨ ਦਿੱਤਾ ਹੈ। 1976 ਵਿੱਚ ਹੀ ਇੱਕ ਹੋਰ ਕਿਤਾਬ 'ਵਿਸ਼ੇ ਚਲਚਿਤਰ' ਲਿਖੀ, ਜਿਸ ਵਿੱਚ ਸਿਨੇਮਾ ਦੇ ਵਿਭਿੰਨ ਪਹਿਲੂਆਂ ਬਾਰੇ ਸੰਖੇਪ ਵੇਰਵਾ ਹੈ। ਇਸ ਤੋਂ ਬਿਨਾਂ ਫ਼ਿਲਮਾਂ ਬਾਰੇ ਹੀ ਇੱਕ ਕਿਤਾਬ 'ਇਹਨੂੰ ਸ਼ੂਟਿੰਗ ਕਹਿੰਦੇ ਹਨ' ਅਤੇ ਫਿਲਮਾਂ ਤੇ ਹੋਰ ਲੇਖ ਵੀ ਪ੍ਰਕਾਸ਼ਿਤ ਹੋਏ ਹਨ।

ਰੇਅ ਨੇ ਬੇਤੁਕੀਆਂ ਕਵਿਤਾਵਾਂ ਦਾ ਇੱਕ ਸੰਗ੍ਰਹਿ "ਘੋੜੇ ਦੇ ਅੰਡਿਆਂ ਦਾ ਗੁੱਛਾ" (ਤੇੜਾਅ ਬਾਧਾ ਘੋੜਾਰ ਡਿਅ) ਵੀ ਲਿਖਿਆ, ਜਿਸ ਵਿੱਚ ਲੁਈਸ ਕੈਰੋਲ ਦੀ ਕਵਿਤਾ "ਜੰਬਰ ਰੋਕੀ" ਦਾ ਅਨੁਵਾਦ ਵੀ ਸ਼ਾਮਲ ਹੈ। ਉਸ ਨੇ ਬੰਗਲਾ ਵਿੱਚ ਮੁੱਲਾ ਨਸਰੂਦੀਨ ਦੀਆਂ ਕਹਾਣੀਆਂ ਦਾ ਸੰਗ੍ਰਹਿ ਵੀ ਛਪਵਾਇਆ। ਰੇਅ ਨੇ ਆਪਣੇ ਜੀਵਨ ਵਿੱਚ 37 ਫਿਲਮਾਂ ਦਾ ਨਿਰਦੇਸ਼ਨ ਦਿੱਤਾ, ਜਿਨ੍ਹਾਂ ਵਿੱਚ ਫ਼ੀਚਰ, ਡਾਕੂਮੈਂਟਰੀ ਅਤੇ ਲਘੂ ਫਿਲਮਾਂ ਸ਼ਾਮਲ ਹਨ। ਹਿੰਦੀ ਸਿਨੇਮਾ ਨੂੰ ਵੀ ਉਹਨੇ 'ਸਦਗਤੀ' ਅਤੇ 'ਸ਼ਤਰੰਜ ਕੇ ਖਿਲਾੜੀ' ਜਿਹੀਆਂ ਯਾਦਗਾਰੀ ਫ਼ਿਲਮਾਂ ਪ੍ਰਦਾਨ ਕੀਤੀਆਂ ਹਨ। ਉਹਦੀ ਪਹਿਲੀ ਫਿਲਮ 'ਪਾਥੇਰ ਪਾਂਚਾਲੀ' (1955) ਨੂੰ ਕਾਨ ਫੈਸਟੀਵਲ ਵਿੱਚ 'ਸਰਵੋਤਮ ਮਾਨਵੀ ਪ੍ਰਾਲੇਖ ਪੁਰਸਕਾਰ' ਸਮੇਤ ਕੁੱਲ ਗਿਆਰਾਂ ਅੰਤਰਰਾਸ਼ਟਰੀ ਪੁਰਸਕਾਰ ਮਿਲੇ। ਵਿਸ਼ਵ ਵਿੱਚ ਭਾਰਤੀ ਫਿਲਮਾਂ ਨੂੰ ਨਵੀਂ ਪਛਾਣ ਦਿਵਾਉਣ ਵਾਲੇ ਰੇਅ ਨੂੰ ਭਾਰਤ ਰਤਨ (1992) ਤੋਂ ਇਲਾਵਾ ਪਦਮਸ਼੍ਰੀ (1958), ਪਦਮ ਭੂਸ਼ਣ (1965), ਪਦਮਵਿਭੂਸ਼ਨ(1971), ਰੇਮਨ ਮੈਗਸੇਸੇ ਪੁਰਸਕਾਰ (1967) ਨਾਲ ਸਨਮਾਨਿਤ ਕੀਤਾ ਗਿਆ। ਵਿਸ਼ਵ ਸਿਨੇਮਾ ਨੂੰ ਵਿਲੱਖਣ ਯੋਗਦਾਨ ਦੇਣ ਬਦਲੇ ਰੇਅ ਨੂੰ 'ਆਨਰੇਰੀ ਆਸਕਰ ਅਵਾਰਡ' ਵੀ ਪ੍ਰਦਾਨ ਕੀਤਾ ਗਿਆ।

ਉਕਤ ਤੋਂ ਬਿਨਾਂ ਉਸ ਨੂੰ ਕੁੱਲ 32 ਰਾਸ਼ਟਰੀ ਪੁਰਸਕਾਰ ਮਿਲੇ। ਰੇਅ ਨੂੰ ਹੋ ਵੀ ਬਹੁਤ ਸਾਰੇ ਇਨਾਮ-ਸਨਮਾਨ ਤੇ ਪੁਰਸਕਾਰ ਪ੍ਰਾਪਤ ਹੋਏ। ਆਕਸਫੋਰਡ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ। ਚਾਰਲੀ ਚੈਪਲਿਨ ਪਿੱਛੋਂ ਇਹ ਸਨਮਾਨ ਪ੍ਰਾਪਤ ਕਰਨ ਵਾਲਾ ਉਹ ਪਹਿਲਾ ਫਿਲਮ ਨਿਰਦੇਸ਼ਕ ਸੀ। 1985 ਵਿੱਚ ਉਸਨੂੰ ਦਾਦਾ ਸਾਹਿਬ ਫਾਲਕੇ ਮਿਲਿਆ। ਮੌਤ ਤੋਂ ਕੁਝ ਸਮਾਂ ਪਹਿਲਾਂ ਅਕਾਦਮੀ ਪੁਰਸਕਾਰ ਅਤੇ ਭਾਰਤ ਦਾ ਸਰਵਉੱਚ ਸਨਮਾਨ 'ਭਾਰਤ ਰਤਨ' ਪ੍ਰਦਾਨ ਕੀਤਾ ਗਿਆ। ਮੌਤ ਪਿੱਛੋਂ ਉਹਨੂੰ ਸਾਨ ਫਰਾਂਸਿਸਕੋ ਅੰਤਰਰਾਸ਼ਟਰੀ ਫਿਲਮ ਉਤਸਵ ਵਿੱਚ 'ਅਕਿਰਾ ਕਰੋਸਾਵਾ ਪੁਰਸਕਾਰ' ਪ੍ਰਦਾਨ ਕੀਤਾ ਗਿਆ, ਜਿਸਨੂੰ ਸ਼ਰਮੀਲਾ ਟੈਗੋਰ ਨੇ ਪ੍ਰਾਪਤ ਕੀਤਾ।

1973 ਵਿੱਚ ਫ਼ਿਲਮ 'ਘਾਰੇ ਬਾਇਰੇ' ਤੇ ਕੰਮ ਕਰਦਿਆਂ ਉਸ ਨੂੰ ਦਿਲ ਦਾ ਦੌਰਾ ਪਿਆ। ਇਸ ਫ਼ਿਲਮ ਨੂੰ ਉਹਨੇ ਪਿੱਛੋਂ ਆਪਣੇ ਬੇਟੇ ਸੰਦੀਪ ਰੇਅ ਦੀ ਮਦਦ ਨਾਲ 1974 ਵਿੱਚ ਪੂਰਾ ਕੀਤਾ। 1992 ਵਿੱਚ ਦਿਲ ਦੀ ਕਮਜ਼ੋਰੀ ਕਰਕੇ ਉਹਦੀ ਸਿਹਤ ਲਗਾਤਾਰ ਵਿਗੜਦੀ ਗਈ ਅਤੇ 23 ਅਪਰੈਲ 1992 ਵਿੱਚ ਉਸਦਾ ਦਿਹਾਂਤ ਹੋ ਗਿਆ। ਉਸਦੀ ਮੌਤ ਤੇ ਕੋਲਕਾਤਾ ਸ਼ਹਿਰ ਦੇ ਹਜ਼ਾਰਾਂ ਲੋਕ ਉਸ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਏ।

ਭਾਰਤੀ ਫ਼ਿਲਮਾਂ ਨੂੰ ਵਿਲੱਖਣ ਯੋਗਦਾਨ ਦੇਣ ਵਾਲੇ ਇਸ ਫ਼ਿਲਮਸਾਜ਼ ਦਾ ਨਾਂ ਹਮੇਸ਼ਾ ਅਮਰ ਰਹੇਗਾ!



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA

## ਪ੍ਰਸ਼ੋਤਮ ਸਿੰਘ ਲਾਲੀ ਨੇ ਦੋਸਤ ਮਨਜੀਤ ਸਿੰਘ ਬਸਰਾਮ ਦੀ ਪੁੱਤਰੀ ਦਿਲਪ੍ਰੀਤ ਕੌਰ ਬਸਰਾਮ ਦੇ ਵਿਆਹ ਦੀ ਪਾਰਟੀ ਰੱਖੀ

### ਸਨੀ ਧਾਲੀਵਾਲ ਅਤੇ ਸਿਕੰਦਰ ਸਿੰਘ ਗਰੇਵਾਲ ਬੱਚੀ ਨੂੰ ਆਸ਼ੀਰਵਾਦ ਦੇਣ ਪਹੁੰਚੇ



ਪ੍ਰਸ਼ੋਤਮ ਸਿੰਘ ਲਾਲੀ ਨੇ ਆਪਣੇ ਘਰ ਆਪਣੇ ਦੋਸਤ ਮਨਜੀਤ ਸਿੰਘ ਬਸਰਾਮ ਦੀ ਪੁੱਤਰੀ ਦਿਲਪ੍ਰੀਤ ਕੌਰ ਬਸਰਾਮ ਦੇ ਵਿਆਹ ਦੀ ਪਾਰਟੀ ਰੱਖੀ। ਜਿਸ ਵਿੱਚ ਖਾਸ ਤੌਰ ਤੇ ਸਾਨ ਵਾਕਿੰਨ ਕਾਉਂਟੀ ਦੇ ਕਾਉਂਟੀ ਸੁਪਰਵਾਈਜਰ ਸਨੀ ਧਾਲੀਵਾਲ ਅਤੇ ਭਾਈਚਾਰੇ ਉੱਘੇ ਆਗੂ ਸਿਕੰਦਰ ਸਿੰਘ ਗਰੇਵਾਲ ਬੱਚੀ ਨੂੰ ਆਸ਼ੀਰਵਾਦ ਦੇਣ ਲਈ ਪਹੁੰਚੇ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੀ ਹਾਜ਼ਰੀ 'ਚ ਸਿਖਲਾਈ ਉਪਰੰਤ ਸਰਟੀਫਿਕੇਟ ਕੀਤੇ ਤਕਸੀਮ

ਮਲੋਟ
ਸਾਂਝੀ ਸੋਚ ਬਿਊਰੋ



ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਵੱਡੀ ਪੱਧਰ 'ਤੇ ਮੁਫ਼ਤ ਸਿਖਲਾਈ ਸੈਂਟਰ (ਬਿਊਟੀ ਪਾਰਲਰ, ਕੰਪਿਊਟਰ, ਸਿਲਾਈ) ਖੋਲ੍ਹ ਕੇ ਬੇਰੁਜ਼ਗਾਰ ਲੜਕੇ ਲੜਕੀਆਂ ਨੂੰ ਆਤਮਨਿਰਭਰ ਬਣਾਇਆ ਜਾ ਰਿਹਾ ਹੈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਅਨਿਲ ਕੁਮਾਰ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਦੱਸਿਆ ਕਿ ਮਲੋਟ ਦੇ ਆਸ-ਪਾਸ ਚੱਲ ਰਹੇ 4 ਸਿਖਲਾਈ ਸੈਂਟਰਾਂ ਦੇ 6 ਮਹੀਨੇ ਦੇ ਕੋਰਸ ਪੂਰਾ ਹੋਣ ਉਪਰੰਤ ਬੀਤੇ ਦਿਨੀਂ ਇੱਕ ਪ੍ਰਭਾਵਸ਼ਾਲੀ ਸਰਟੀਫਿਕੇਟ ਵੰਡ ਸਮਾਗਮ ਐਡਵਰਡਗੰਜ ਹਸਪਤਾਲ ਮਲੋਟ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਅਤੇ ਸਿਖਿਆਰਥੀਆਂ ਨੂੰ ਆਪਣੇ ਕਰ-ਕਮਲਾਂ ਨਾਲ 90 ਸਿਖਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ ਅਤੇ ਸਿਖਿਆਰਥੀਆਂ ਨੂੰ ਅਜਿਹੇ ਸਿਖਲਾਈ ਸੈਂਟਰਾਂ ਵਿਚ ਸਿਖਲਾਈ ਪ੍ਰਾਪਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਪ੍ਰੇਰਿਤ ਕੀਤਾ ਗਿਆ।

ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਡਾ. ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਟਰੱਸਟ ਵੱਲੋਂ ਦੁਨੀਆਂ ਭਰ 'ਚ ਲੋਕ ਭਲਾਈ ਦੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮਲੋਟ ਦੇ ਜਸਵਿੰਦਰ ਸਿੰਘ ਵਾਲੀਆ, ਰਾਮ ਸਿੰਘ ਪੀ.ਏ., ਸੋਹਣ ਲਾਲ ਗੁੰਬਰ, ਕਮਲ ਬਾਂਗਲਾ, ਵਿਸ਼ੂ ਮਲੂਜਾ, ਗਗਨ ਸੇਤੀਆ, ਸੁਨੀਲ ਚਲਾਣਾ ਅਤੇ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਸੁਖਬੀਰ ਸਿੰਘ ਜੈਲਦਾਰ, 4 ਸਿਖਲਾਈ ਸੈਂਟਰਾਂ ਦੇ ਅਧਿਆਪਕ ਆਦਿ ਹਾਜ਼ਰ ਸਨ।

## ਐਸਜੀਪੀਸੀ ਨੇ ਭਾਈ ਰਾਜੋਆਣਾ ਦੀ ਪਟੀਸ਼ਨ ਮਾਮਲੇ 'ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਦੇਸ਼ ਦੇਣ ਦੀ ਕੀਤੀ ਅਪੀਲ

ਅੰਮ੍ਰਿਤਸਰ
ਧੈਰਿਆ ਮਹਿਰਾ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਬੀਤੇ ਦਿਨ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ 'ਤੇ ਵਿਚਾਰ ਚਰਚਾ ਕੀਤੀ ਗਈ। ਜਾਰੀ ਪ੍ਰੈੱਸ ਬਿਆਨ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੇ ਫ਼ੈਸਲਿਆਂ ਬਾਰੇ ਦੱਸਿਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਤਬਦੀਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ 14 ਸਾਲ ਪਹਿਲਾਂ ਪਟੀਸ਼ਨ ਪਾਈ ਗਈ ਸੀ, ਪਰੰਤੂ ਕੇਂਦਰ ਸਰਕਾਰ ਨੇ ਇਸ ਸਬੰਧੀ ਹਮੇਸ਼ਾ ਅੜੀਅਲ ਰਵੱਈਆ ਹੀ ਅਪਣਾਈ ਰੱਖਿਆ। ਸਰਕਾਰ ਦੀ ਅਜਿਹੀ ਪਹੁੰਚ ਜਿਥੇ ਸਿੱਖ ਭਾਵਨਾਵਾਂ ਦਾ ਨਿਰਾਦਰ ਹੈ ਉਥੇ ਹੀ ਘਟਗਿਣਤੀਆਂ ਪ੍ਰਤੀ ਉਸ ਦੀ ਸੋਚ ਨੂੰ ਪ੍ਰਗਟਾਉਂਦੀ ਹੈ।

ਉਨ੍ਹਾਂ ਕਿਹਾ ਕਿ ਹੁਣ ਭਾਈ ਬਲਵੰਤ ਸਿੰਘ ਰਾਜੋਆਣਾ ਸ਼੍ਰੋਮਣੀ ਕਮੇਟੀ ਨੂੰ ਬਾਰ ਬਾਰ ਆਪਣੀ ਅਪੀਲ ਵਾਪਸ ਲੈਣ ਲਈ ਕਹਿ ਰਹੇ ਹਨ, ਲੇਕਿਨ ਸ਼੍ਰੋਮਣੀ ਕਮੇਟੀ ਨੇ ਇਹ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਕੀਤੀ ਸੀ। ਇਸ ਲਈ ਅੰਤ੍ਰਿੰਗ ਕਮੇਟੀ ਨੇ ਵਿਚਾਰ ਮਗਰੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਅਪੀਲ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਯੋਗ ਆਦੇਸ਼ ਲਈ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਆਦੇਸ਼ ਆਵੇਗਾ ਸ਼੍ਰੋਮਣੀ ਕਮੇਟੀ ਉਸ 'ਤੇ ਪਹਿਰਾ ਦੇਵੇਗੀ।

## ਪੰਜਾਬ 'ਚ ਹੀਟਵੇਵ ਲਈ ਯੈਲੋ ਅਲਰਟ ਜਾਰੀ

### 21 ਜ਼ਿਲ੍ਹਿਆਂ ਵਿੱਚ ਤਾਪਮਾਨ 35 ਡਿਗਰੀ ਸੈਲਸੀਅਸ ਤੋਂ ਵੱਧ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਪੰਜਾਬ ਅਤੇ ਚੰਡੀਗੜ੍ਹ ਇਸ ਸਮੇਂ ਸਖ਼ਤ ਗਰਮੀ ਦਾ ਸਾਹਮਣਾ ਕਰ ਰਹੇ ਹਨ। ਮੌਸਮ ਵਿਭਾਗ ਨੇ ਮੰਗਲਵਾਰ 21 ਅਪ੍ਰੈਲ ਤੋਂ 24 ਅਪ੍ਰੈਲ ਤੱਕ ਚਾਰ ਦਿਨਾਂ ਲਈ ਹੀਟਵੇਵ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਸਮੇਂ ਦੌਰਾਨ ਕੁਝ ਖੇਤਰਾਂ ਵਿੱਚ ਰਾਤਾਂ ਵੀ ਗਰਮ ਰਹਿਣਗੀਆਂ। ਸੋਮਵਾਰ ਦੇ ਮੁਕਾਬਲੇ, ਤਾਪਮਾਨ 0.1 ਡਿਗਰੀ ਸੈਲਸੀਅਸ ਵਧਿਆ ਹੈ, ਜੋ ਆਮ ਨਾਲੋਂ 3.2 ਡਿਗਰੀ ਵੱਧ ਹੈ। 21 ਜ਼ਿਲ੍ਹਿਆਂ ਵਿੱਚ ਤਾਪਮਾਨ 35 ਡਿਗਰੀ ਸੈਲਸੀਅਸ ਤੋਂ ਵੱਧ ਹੈ। ਸਿਹਤ ਵਿਭਾਗ ਨੇ ਇੱਕ ਹੀਟ ਐਡਵਾਈਜ਼ਰੀ ਜਾਰੀ ਕੀਤੀ ਹੈ, ਜਿਸ ਵਿੱਚ ਖਾਣ-ਪੀਣ ਤੋਂ ਲੈ ਕੇ ਹੀਟ ਮੈਨੇਜਮੈਂਟ ਤੱਕ ਹਰ ਚੀਜ਼ ਬਾਰੇ ਸੁਝਾਅ ਦਿੱਤੇ ਗਏ ਹਨ। ਪੰਜਾਬ ਵਿੱਚ ਲੁਧਿਆਣਾ, ਨਵਾਂਸ਼ਹਿਰ, ਰੂਪਨਗਰ, ਸੰਗਰੂਰ, ਫਤਿਹਗੜ੍ਹ ਸਾਹਿਬ, ਮੋਹਾਲੀ ਅਤੇ ਪਟਿਆਲਾ ਵਿੱਚ ਅਲੱਗ-ਥਲੱਗ ਥਾਵਾਂ 'ਤੇ ਹੀਟਵੇਵ ਵਰਗੀਆਂ ਸਥਿਤੀਆਂ ਬਣ ਸਕਦੀਆਂ ਹਨ। ਸਵੇਰੇ ਸੂਰਜ ਦੀ ਰੌਸ਼ਨੀ ਤੇਜ਼ ਹੋਵੇਗੀ, ਜਿਸ ਨਾਲ ਹੀਟਵੇਵ ਦਾ ਪ੍ਰਭਾਵ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਦੇ ਵਿਚਕਾਰ ਸਿਖਰ 'ਤੇ ਹੋਵੇਗਾ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਦੇ ਅਨੁਸਾਰ, ਰਾਜ ਵਿੱਚ ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। ਅਗਲੇ ਪੰਜ ਦਿਨਾਂ ਵਿੱਚ ਵੱਧ ਤੋਂ ਵੱਧ ਤਾਪਮਾਨ ਹੌਲੀ-ਹੌਲੀ 3 ਤੋਂ 4 ਡਿਗਰੀ ਵਧਣ ਦੀ ਉਮੀਦ ਹੈ। 20 ਤੋਂ 24 ਤਰੀਕ ਦੇ ਵਿਚਕਾਰ ਰਾਜ ਦੇ ਕੁਝ ਸਥਾਨਾਂ 'ਤੇ ਹੀਟਵੇਵ ਦੀ ਸੰਭਾਵਨਾ ਹੈ।




CENTRAL VALLEY
FIRST.
VIN
KRUTTIVENTI
FOR CONGRESS
COMMON SENSE.
AFFORDABLE LIVING.
SAFE COMMUNITIES.
ACCOUNTABILITY.
Businessman. Job Creator. Proven Leader.
VIN
KRUTTIVENTI
FOR CONGRESS
★ WIN ★
WITH VIN
ਮੇਰਾ ਨਾਂ ਵਿਨ ਕਰੁੱਤੀਵੇਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.
ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।
ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:
★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ
ਸੈਕਰਾਮੈਂਟੋ ਦੀਆਂ ਰੀਡਿਸਟ੍ਰਿਕਟਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।
LEARN MORE AT
VIN4CONGRESS.COM
com/vin4congress
@vin4congress
PAID FOR BY VIN KRUTTIVENTI FOR CONGRESS CA-13

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਮੇਲਾ ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਜਿਊਂਦਾ ਰੱਖਣ ਦੇ ਅਹਿਦ ਨਾਲ '24ਵਾਂ ਮੇਲਾ ਗ਼ਦਰੀ ਬਾਬਿਆਂ ਦਾ' ਸਫ਼ਲਤਾਪੂਰਵਕ ਸੰਪੰਨ

ਫਰਿਜ਼ਨੋ
ਇੰਦਰਜੀਤ ਚੁਗਾਵਾਂ

ਹਰ ਤਰ੍ਹਾਂ ਦੇ ਵਿਤਕਰੇ ਤੋਂ ਰਹਿਤ, ਹਕੀਕੀ ਨਾਰੀ ਮੁਕਤੀ ਤੇ ਧਰਮ ਨਿਰਪੱਖ ਨਿਜ਼ਾਮ ਦੀ ਸੁਪਨੇ ਨੂੰ ਜ਼ਮੀਨ 'ਤੇ ਉਤਾਰਨ ਲਈ ਆਪਣੀਆਂ ਜ਼ਿੰਦਗੀਆਂ ਲੇਖੇ ਲਾਉਣ ਵਾਲੇ ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਜਿਊਂਦਾ ਰੱਖਣ ਤੇ ਇਸ ਵਿਰਸੇ ਦਾ ਜਾਗ ਆਉਣ ਵਾਲੀਆਂ ਪੀੜ੍ਹੀਆਂ ਨੂੰ ਲਾਉਣ ਲਈ ਨਿਰੰਤਰ ਯਤਨਸ਼ੀਲ ਰਹਿਣ ਦੇ ਅਹਿਦ ਨਾਲ ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ ਵੱਲੋਂ ਕਰਵਾਇਆ ਗਿਆ '24ਵਾਂ ਮੇਲਾ ਗ਼ਦਰੀ ਬਾਬਿਆਂ ਦਾ' ਸਫਲਤਾ ਸਹਿਤ ਸੰਪੰਨ ਹੋ ਗਿਆ। ਸੈਂਟਰਲ ਹਾਈ ਸਕੂਲ ਫਰਿਜ਼ਨੋ ਦੇ ਪਰਫਾਰਮਿੰਗ ਆਰਟਸ ਸੈਂਟਰ 'ਚ ਹੋਏ ਇਸ ਮੇਲੇ ਦਾ ਮੁੱਖ ਸਮਾਗਮ ਫੋਰਮ ਦੇ ਸਰਪ੍ਰਸਤ ਕਰਮ ਸਿੰਘ ਮਾਨ, ਪ੍ਰਧਾਨ ਨਵਦੀਪ ਸਿੰਘ ਧਾਲੀਵਾਲ ਤੇ ਮੀਤ ਪ੍ਰਧਾਨ ਪਰਗਟ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਇਆ। ਮੇਲੇ ਦੇ ਮੁੱਖ ਮਹਿਮਾਨ ਤੇ ਮੁੱਖ ਬੁਲਾਰੇ ਡਾਕਟਰ ਸਵੈਮਾਨ ਸਿੰਘ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਾਡੇ ਗ਼ਦਰੀ ਬਾਬਿਆਂ ਨੇ ਕੁਰਬਾਨੀਆਂ ਸਿਰਫ਼ ਬਰਤਾਨਵੀ ਸਾਮਰਾਜ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹੀ ਨਹੀਂ ਕੀਤੀਆਂ ਸਨ, ਉਨ੍ਹਾਂ ਦਾ ਸੁਪਨਾ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਵੀ ਸੀ ਪਰ ਹਕੀਕਤ 'ਚ ਸਭ ਕੁਝ ਉਲਟ ਹੋ ਰਿਹਾ ਹੈ। ਚਾਹੀਦਾ ਤਾਂ ਇਹ ਹੈ ਕਿ ਸਰਕਾਰਾਂ ਸਾਇੰਸ ਤੇ ਰਿਸਰਚ 'ਤੇ ਇਨਵੈਸਟ ਕਰਨ, ਸਿਹਤ ਸਿੱਖਿਆ ਤੇ ਰੁਜ਼ਗਾਰ ਨੂੰ ਪ੍ਰਮੁੱਖਤਾ ਦੇਣ ਪਰ ਸਾਰਾ ਜ਼ੋਰ ਨਸ਼ਿਆਂ ਦੇ ਕਾਰੋਬਾਰ 'ਤੇ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ, ਉਹ ਕਿਸੇ ਵੀ ਰੰਗ ਦੀ ਹੋਵੇ,ਸ਼ਰਾਬ ਦੇ ਠੇਕਿਆਂ ਤੋਂ ਕਮਾਈ 'ਚ ਵਾਧੇ ਨੂੰ ਬੜੇ ਮਾਣ ਨਾਲ ਪੇਸ਼ ਕਰਦੀ ਹੈ। ਸੱਤਾਧਾਰੀਆਂ ਤੇ ਆਪੋਜੀਸ਼ਨ 'ਚ ਅਫੀਮ ਦੀ ਖੇਤੀ ਨੂੰ ਲੈ ਕੇ ਬਹਿਸ ਚੱਲਦੀ ਰਹਿੰਦੀ ਹੈ ਜਦਕਿ ਜ਼ੋਰ ਤਾਂ ਨਸ਼ਿਆਂ ਦੇ ਖਾਤਮੇ 'ਤੇ ਹੋਣਾ ਚਾਹੀਦਾ ਹੈ। ਇਸ ਹਾਲਾਤ 'ਚ ਪੰਜਾਬ ਦਾ ਭਲਾ ਕਿਵੇਂ ਹੋ ਸਕਦਾ ਹੈ। ਉਨ੍ਹਾ ਕਿਹਾ ਕਿ ਸਿਤਮ ਜ਼ਰੀਫੀ ਦੇਖੋ ਕਿ ਲੋਕ ਤਾਂ ਵਿੱਦਿਆ ਮੰਗ ਰਹੇ ਹਨ ਪਰ ਸਰਕਾਰੀ ਸਕੂਲਾਂ ਨੂੰ ਬੰਦ ਕਰਕੇ ਪ੍ਰਾਈਵੇਟ ਸਕੂਲਾਂ ਨੂੰ ਪਰਮੋਟ ਕੀਤਾ ਜਾ ਰਿਹਾ ਹੈ। ਇੱਕ ਗਿਣੇਮਿੱਥੇ ਢੰਗ ਨਾਲ ਵਿੱਦਿਆ ਸਧਾਰਨ ਲੋਕਾਂ ਦੀ ਪਹੁੰਚ ਤੋਂ ਬਾਹਰ ਕੀਤੀ ਜਾ ਰਹੀ ਹੈ। ਡਾਕਟਰ ਸਵੈਮਾਨ ਸਿੰਘ ਨੇ ਕਿਹਾ ਕਿ ਪੰਜਾਬੀ ਲੋਕ ਬਾਬਾ ਨਾਨਕ ਦੇ ਪੈਰੋਕਾਰ ਹਨ ਤੇ ਉਨ੍ਹਾਂ ਨੂੰ ਇਸ ਹਨੇਰਗਰਦੀ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਬਾਅਦ 'ਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਸਮੁੱਚੀ ਟੀਮ ਨੇ ਉਨ੍ਹਾ ਨੂੰ ਮਾਣ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਇਹ ਮਾਣ ਪੱਤਰ ਫੋਰਮ ਦੇ ਕਮੇਟੀ ਮੈਂਬਰ ਇੰਦਰਜੀਤ ਚੁਗਾਵਾਂ ਨੇ ਪੜ੍ਹਿਆ ਜਿਸ ਵਿੱਚ ਡਾਕਟਰ ਸਵੈਮਾਨ ਸਿੰਘ ਵੱਲੋਂ ਚਲਾਈ ਜਾ ਰਹੀ '5 ਰਿਵਰਜ਼ ਹਾਰਟ ਐਸੋਸੀਏਸ਼ਨ' ਵਲੋਂ ਕੀਤੇ ਜਾ ਰਹੇ ਮਨੁੱਖੀ ਭਲਾਈ ਦੇ ਕਾਰਜਾਂ, ਡਾਕਟਰ ਸਵੈਮਾਨ ਸਿੰਘ ਵਲੋਂ ਕਿਸਾਨ ਅੰਦੋਲਨ ਦੌਰਾਨ ਨਿਭਾਏ ਰੋਲ ਦੀ ਸ਼ਲਾਘਾ ਕੀਤੀ ਗਈ ਹੈ। ਡਾਕਟਰ ਸਵੈਮਾਨ ਸਿੰਘ ਦੇ ਸੰਬੋਧਨ ਤੋਂ ਪਹਿਲਾਂ ਉਨ੍ਹਾ ਦੀ ਸੰਸਥਾ '5 ਰਿਵਰਜ਼ ਹਾਰਟ ਐਸੋਸੀਏਸ਼ਨ' ਦੇ ਮਾਣਮੱਤੇ ਕਾਰਜਾਂ ਨੂੰ ਪੇਸ਼ ਕਰਦੀ ਹੋਈ ਇੱਕ ਵੀਡਿਓ ਵੀ ਵਿਸ਼ੇਸ਼ ਤੌਰ 'ਤੇ ਦਿਖਾਈ ਗਈ। ਮੇਲੇ ਦੀ ਸਟੇਜ ਦੀ ਸ਼ੁਰੂਆਤ ਕਰਦਿਆਂ ਮੰਨੀ ਪ੍ਰਮੰਨੀ ਸਟੇਜ ਸੰਚਾਲਕ ਆਸ਼ਾ ਸ਼ਰਮਾ ਨੇ ਉੱਘੇ ਗਾਇਕ ਰਾਜ ਬਰਾੜ ਨੂੰ ਸੱਦਾ ਦਿੱਤਾ ਜਿਨ੍ਹਾ ਖੂਬਸੂਰਤ ਗੀਤ 'ਅਸਲੀਅਤ ਨੂੰ ਜੋ ਭੁੱਲ ਗਿਆ' ਪੇਸ਼ ਕਰਕੇ ਮਾਹੌਲ ਪੈਦਾ ਕਰ ਦਿੱਤਾ। ਪਰਗਟ ਵੀਰਾ ਨੇ ਪੰਜਾਬ ਦੇ ਹਾਲਾਤ ਬਾਰੇ ਇੱਕ ਭਾਵੁਕ ਗੀਤ 'ਆਟੇ ਨਾਲੋਂ ਜ਼ਿਆਦਾ ਹੁਣ ਚਿੱਟਾ ਵਿਕਦਾ' ਪੇਸ਼ ਕੀਤਾ। ਇੰਦਰਜੀਤ ਚੁਗਾਵਾਂ ਨੇ ਦੁਨੀਆ 'ਤੇ ਮੰਡਰਾ ਰਹੇ ਜੰਗ ਦੇ ਖ਼ਤਰੇ ਦੇ ਸਨਮੁੱਖ ਅਮਨ ਨੂੰ ਸਮਰਪਿਤ ਸਾਹਿਰ ਲੁਧਿਆਣਵੀ ਦੀ ਮਸ਼ਹੂਰ ਨਜ਼ਮ 'ਐ ਸ਼ਰੀਫ਼ ਇਨਸਾਨੋਂ' ਪੇਸ਼ ਕਰਦਿਆਂ ਪ੍ਰਧਾਨਗੀ ਮੰਡਲ ਨੂੰ ਆਪਣੀਆਂ ਸੀਟਾਂ ਗ੍ਰਹਿਣ ਕਰਨ ਦੀ ਅਪੀਲ ਕੀਤੀ ਤੇ ਮੀਤ ਪ੍ਰਧਾਨ ਸ. ਪਰਗਟ ਸਿੰਘ ਧਾਲੀਵਾਲ ਨੇ ਮੇਲੇ 'ਚ ਸ਼ਿਰਕਤ ਕਰ ਰਹੇ ਲੋਕਾਂ ਨੂੰ ਜੀ ਆਇਆਂ ਕਿਹਾ। ਹਰਨੇਕ ਸਿੰਘ ਲੋਹਗੜ੍ਹ ਦੇ ਜਥੇ ਨੇ ਕਵੀਸ਼ਰੀ ਪੇਸ਼ ਕਰਕੇ ਰੰਗ ਬੰਨ੍ਹਿਆਂ। ਮੇਲੇ 'ਚ ਸ਼ਿਰਕਤ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਕਾਂਗਰਸਮੈਨ ਜਿਮ ਕੋਸਟਾ ਦੀ ਜਾਣ-ਪਛਾਣ ਪਾਲ ਸਹੋਤਾ ਹੁਰਾਂ ਕਰਵਾਈ। ਜਿਮ ਕੋਸਟਾ ਨੇ ਪੰਜਾਬੀ ਭਾਈਚਾਰੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਸੰਸਾਰ ਅੱਗੇ ਵੱਡੀਆਂ ਚੁਣੌਤੀਆਂ ਹਨ ਤੇ ਪੰਜਾਬੀਆਂ ਅੱਗੇ ਕੋਈ ਵੀ ਚੁਣੌਤੀ ਵੱਡੀ ਨਹੀਂ। ਉਨ੍ਹਾ ਕਿਹਾ ਕਿ ਇਸ ਭਾਈਚਾਰੇ ਦੀ ਪ੍ਰਤੀਨਿਧਤਾ ਕਰਦਿਆਂ ਮੈਂ ਮਾਣ ਮਹਿਸੂਸ ਕਰਦਾ ਹਾਂ। ਇਸ ਮੌਕੇ ਆਪਣੇ ਸੰਬੋਧਨ 'ਚ ਫੋਰਮ ਦੇ ਆਗੂ ਸੁਰਿੰਦਰ ਸਿੰਘ ਮੰਢਾਲੀ ਨੇ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਨੂੰ ਲੈ ਕੇ ਰੋਲ-ਘਚੋਲਾ ਖੜਾ ਕਰਨ ਦੀਆਂ ਚਾਲਾਂ ਨੂੰ ਨਿੰਦਦਿਆਂ ਕਿਹਾ ਕਿ ਸ਼ਹੀਦ ਸਰਾਭਾ ਤੇ ਸ਼ਹੀਦ ਭਗਤ ਸਿੰਘ ਦੀਆਂ ਸ਼ਖ਼ਸੀਅਤਾਂ ਵਿਚਾਲੇ ਮੁਕਾਬਲਾ ਕਰਨਾ ਸਿਰੇ ਦੀ ਮੂਰਖਤਾ ਤੇ ਬੇਇਮਾਨੀ ਹੈ। ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ ਜਿਸ ਸ਼ਹੀਦ ਸਰਾਭਾ ਦੀ ਤਸਵੀਰ ਆਪਣੀ ਜੇਬ 'ਚ ਰੱਖਦਾ ਸੀ, ਉਸੇ ਨਾਲ ਉਸ ਦਾ ਮੁਕਾਬਲਾ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਡਾ. ਮਲਕੀਤ ਸਿੰਘ ਕਿੰਗਰਾ ਨੇ ਆਪਣੀ ਸੰਖੇਪ ਤਕਰੀਰ ਦੌਰਾਨ ਕਿਹਾ ਕਿ ਗ਼ਦਰੀ ਬਾਬਿਆਂ ਦੀ ਸੋਚ ਸਾਨੂੰ ਹਮੇਸ਼ਾ ਚੰਗੇ ਇਨਸਾਨ ਬਣਨ ਤੇ ਆਪਣਾ ਆਲਾ ਦੁਆਲਾ ਬਿਹਤਰ ਬਣਾਉਣ ਲਈ ਪ੍ਰੇਰਿਤ ਕਰਦੀ ਹੈ ਤੇ ਕਰਦੀ ਰਹੇਗੀ। ਪ੍ਰੋ. ਅਰਜਨ ਸਿੰਘ ਜੋਸਨ ਨੇ ਇਸ ਮੌਕੇ ਇੱਕ ਭਾਵਪੂਰਤ ਕਵਿਤਾ "ਇਹ ਰਾਤਾਂ ਦਾ ਚਾਨਣ ਤੇ ਦਿਨ ਦਾ ਹਨੇਰਾ" ਪੜ੍ਹ ਕੇ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਜੀ ਐੱਚ ਜੀ ਅਕੈਡਮੀ ਦੇ ਬੱਚਿਆਂ ਦੀਆਂ ਭੰਗੜੇ ਦੀਆਂ ਦੋ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਟੀਮਾਂ ਨੂੰ ਹਰਜਿੰਦਰ ਕੰਗ, ਸੰਤੋਖ ਮਿਨਹਾਸ, ਗੁਰਦੀਪ ਚੌਹਾਨ, ਅਮਰੀਕ ਖੰਡਾਲੀਆ, ਕੁਲਵੰਤ ਸਿੰਘ ਗਿੱਲ, ਨਿੱਜਰ ਬ੍ਰਦਰਜ਼, ਪਾਲ ਸਹੋਤਾ, ਪਾਲ ਕੈਲੇ, ਅਟਵਾਲ ਬ੍ਰਦਰਜ਼ ਆਦਿ ਨੇ ਸਨਮਾਨਿਤ ਕੀਤਾ। ਭੈਣ-ਭਰਾ ਦੀ ਇੱਕ ਜੋੜੀ ਇਨੀਕਾ ਇੰਦੌਰੀਆ ਤੇ ਐਰਵਿਨ ਇੰਦੌਰੀਆ ਨੇ ਬੜੇ ਹੀ ਖੂਬਸੂਰਤ ਅੰਦਾਜ਼ ਵਿੱਚ ਗ਼ਦਰੀ ਬਾਬਿਆਂ ਬਾਰੇ ਜਾਣਕਾਰੀ ਦਿੰਦੀ ਤਕਰੀਰ ਕਰਕੇ ਸਭ ਦਾ ਮਨ ਮੋਹ ਲਿਆ। ਨੂੰਹ-ਸੱਸ ਦੀ ਚਰਚਿਤ ਜੋੜੀ ਰਮਨ ਗਿੱਲ ਤੇ ਚਰਨਜੀਤ ਨੇ 'ਕਾਲਿਆਂ ਕਾਨੂੰਨਾਂ ਤੋਂ ਨਹੀਂ ਰੋਕ ਹੋਣਾ ਪਹੀਆ ਇਤਿਹਾਸ ਦਾ' ਕਵੀਸ਼ਰੀ ਪੇਸ਼ ਕਰਕੇ ਆਪਣੀ ਦਮਦਾਰ ਹਾਜ਼ਰੀ ਲਗਵਾਈ। ਇਸ ਮੌਕੇ ਬੱਚਿਆਂ ਦੇ ਪੇਂਟਿੰਗ ਮੁਕਾਬਲਿਆਂ 'ਚ 57 ਬੱਚਿਆਂ ਨੇ ਹਿੱਸਾ ਲਿਆ। ਪੰਜ ਤੋਂ ਦਸ ਸਾਲ, ਦਸ ਤੋਂ ਪੰਦਰਾਂ ਸਾਲ ਤੇ ਪੰਦਰਾਂ ਸਾਲ ਤੋਂ ਉੱਪਰ ਉਮਰ ਵਾਲੇ ਗਰੁੱਪਾਂ 'ਚ ਪਹਿਲੇ, ਦੂਸਰੇ ਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਨਕਦ ਇਨਾਮ ਦਿੱਤੇ ਗਏ। ਮੇਲੇ ਦੌਰਾਨ ਹਰ ਵਾਰ ਦੀ ਤਰਾਂ 4.0 ਗ੍ਰੇਡ ਹਾਸਲ ਕਰਨ ਵਾਲੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਇੰਡੀਅਨ ਗਰੌਸਰੀ ਸੁੱਪਰ ਸਟੋਰ ਦੇ ਮਾਲਕ ਅਮਰਦੀਪ ਸਿੰਘ ਛੀਨਾ, ਗੁਰਵਿੰਦਰ ਢੇਸੀ, ਹਰਜੀਤ ਗਰੇਵਾਲ, ਅਵਤਾਰ ਗਰੇਵਾਲ, ਜਸਵੀਰ ਸਰਾਏ, ਸਤਵੀਰ ਹੀਰ, ਮੇਘਾ ਢੇਸੀ, ਨੀਟਾ ਮਾਛੀਕੇ, ਕੁਲਵੰਤ ਉੱਭੀ ਤੇ ਹੋਰਨਾਂ ਵਲੋਂ ਦਿੱਤੇ ਗਏ। ਮੇਲੇ ਦੇ ਅੰਤ 'ਚ ਗਾਇਕ ਲਾਲੀ ਤੱਖਰ ਤੇ ਨਰਿੰਦਰ ਜੌਹਲ ਨੇ ਖੂਬਸੂਰਤ ਜੋਸ਼ੀਲੇ ਗੀਤ ਪੇਸ਼ ਕਰਕੇ ਮੇਲੇ ਦੇ ਮਾਹੌਲ 'ਚ ਰੰਗ ਭਰ ਦਿੱਤੇ। ਮੇਲੇ ਵਾਲੇ ਹਾਲ 'ਚ ਦਾਖਲ ਹੋਣ ਤੋਂ ਪਹਿਲਾਂ ਗ਼ਦਰੀ ਬਾਬਿਆਂ ਤੇ ਆਜ਼ਾਦੀ ਅੰਦੋਲਨ ਦੇ ਹੋਰਨਾਂ ਸ਼ਹੀਦਾਂ ਦੀਆਂ ਤਸਵੀਰਾਂ ਦੀ ਨੁਮਾਇਸ਼ ਲਾਈ ਗਈ ਸੀ ਜੋ ਸਭਨਾਂ ਲਈ ਖਿੱਚ ਦਾ ਕੇਂਦਰ ਬਣੀ ਰਹੀ। ਰਿੱਪਨ ਸਿਟੀ ਤੋਂ ਭੈਣ ਹਰਵਿੰਦਰ ਕੌਰ ਜੌਹਲ ਵਲੋਂ ਲਾਏ ਗਏ ਬੁੱਕ ਸਟਾਲ ਤੋਂ ਗ਼ਦਰ ਪਾਰਟੀ ਨਾਲ ਸਬੰਧਤ ਕਿਤਾਬਾਂ ਵੱਲ ਮੇਲੀਆਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ। ਇਸ ਮੇਲੇ ਨੂੰ ਸਫ਼ਲ ਬਣਾਉਣ ਲਈ ਗੁਰਮੀਤ ਗਿੱਲ, ਪਰਮਜੀਤ ਢਿੱਲੋਂ, ਬਲਦੇਵ ਧਾਲੀਵਾਲ, ਜਗਤਾਰ ਸੰਧੂ, ਸ਼ਰਨ ਧਾਲੀਵਾਲ, ਕਮਲਜੀਤ, ਬਿੱਟੂ ਧਾਲੀਵਾਲ, ਜਗਰੂਪ ਧਾਲੀਵਾਲ, ਅੰਗਰੇਜ਼ ਸਿੰਘ ਸੰਧੂ, ਬਹਾਦਰ ਸਿੰਘ ਭੰਗਲ, ਬਲਜੀਤ ਸਿੰਘ ਬੱਗਾ, ਤਰਨਵੀਰ ਧਾਲੀਵਾਲ, ਬਾਨੀ ਸੰਧੂ, ਪ੍ਰੀਤ ਗਿੱਲ, ਅਵਲੀਨ ਧਾਲੀਵਾਲ ਨੇ ਪੂਰੀ ਸ਼ਿੱਦਤ ਨਾਲ ਆਪਣੀਆਂ ਸੇਵਾਵਾਂ ਦਿੱਤੀਆਂ। ਮੇਲੇ ਦੀ ਸ਼ੁਰੂਆਤ ਤੋਂ ਸਮਾਪਤੀ ਤੱਕ ਚਾਹ-ਪਕੌੜਿਆਂ ਦਾ ਲੰਗਰ ਨਿਰੰਤਰ ਚਲਦਾ ਰਿਹਾ। ਹਰਮਨ ਗਿੱਲ ਦੀ ਅਗਵਾਈ ਹੇਠ ਵੈੱਲ ਬੀ ਸੀਨੀਅਰ ਹੈਲਥ ਕੇਅਰ ਅਤੇ ਗੁਰਲੀਨ ਢਿੱਲੋਂ ਦੀ ਅਗਵਾਈ ਹੇਠ ਭਗਤ ਪੂਰਨ ਸਿੰਘ ਹੈਲਥ ਇਨੀਸ਼ੀਏਟਿਵ ਦੇ ਵਲੰਟੀਅਰਾਂ ਵੱਲੋਂ ਮੈਡੀਕਲ ਕੈਂਪ ਵੀ ਲਗਾਏ। ਜ਼ਿਕਰਯੋਗ ਹੈ ਕਿ ਇਸ ਮੇਲੇ 'ਚ ਸ਼ਹੀਦ ਬੱਬਰ ਕਿਸ਼ਨ ਸਿੰਘ ਦੇ ਪਰਵਾਰ ਦੇ ਮੈਂਬਰ ਹਰਮਨਦੀਪ ਸਿੰਘ ਵੀ ਹਾਜ਼ਰ ਸਨ ਅਤੇ ਦੇਸ਼ ਭਗਤ ਬਾਬਾ ਬੂਝਾ ਸਿੰਘ ਦੇ ਰਿਸ਼ਤੇਦਾਰ ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਡਾਕਟਰ ਸਵੈਮਾਨ ਸਿੰਘ ਨਾਲ ਉਨ੍ਹਾ ਦੇ ਪਿਤਾ ਜਸਵਿੰਦਰ ਪਾਲ ਸਿੰਘ ਤੇ ਭਾਈ ਸੰਗਰਾਮ ਸਿੰਘ ਵੀ ਹਾਜ਼ਰ ਸਨ।

















# RAKHI ISRANI
## Democrat for U.S. Congress

ਮੈਂ ਇੱਕ ਕਾਰੋਬਾਰ ਬਣਾਇਆ ਹੈ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਹਨ
ਅਤੇ ਉਨ੍ਹਾਂ ਪਰਿਵਾਰਾਂ ਨਾਲ ਕੰਮ ਕੀਤਾ ਹੈ
ਜੋ ਚੱਲਣ ਲਈ ਸੰਘਰਸ਼ ਕਰ ਰਹੇ ਹਨ।

**ਮੈਂ ਉਨ੍ਹਾਂ ਲਈ ਲੜਨ ਲਈ ਕਾਂਗਰਸ ਲਈ ਚੋਣ ਲੜ ਰਹੀ ਹਾਂ**



## ਕਾਂਗਰਸ ਦੇ ਤੁਹਾਡੇ ਅਗਲੇ ਮੈਂਬਰ ਵਜੋਂ
## ਰਾਖੀ ਇਸ ਲਈ ਲੜੇਗੀ :

- ਪੂਰਬੀ ਖਾੜੀ ਨੂੰ ਹਰ ਪਰਿਵਾਰ ਲਈ ਕਿਫਾਇਤੀ ਬਣਾਓ
- ਪ੍ਰਵਾਸੀ ਪਰਿਵਾਰਾਂ ਦੀ ਰੱਖਿਆ ਕਰੋ ਅਤੇ ਇੱਕ ਅਜਿਹਾ ਸਿਸਟਮ ਮੰਗੋ ਜੋ ਕੰਮ ਕਰੇ
- ਵਾਸ਼ਿੰਗਟਨ ਨੂੰ ਸਾਫ਼ ਕਰੋ ਅਤੇ ਲੋਕਤੰਤਰ ਬਚਾਓ
- Snap ਅਤੇ ਮੈਡੀਕੇਅਰ ਫੰਡਿੰਗ ਵਿੱਚ ਕਟੌਤੀਆਂ ਨੂੰ ਬਹਾਲ ਕਰੋ

www.RakhiForCongress.com 'ਤੇ ਹੋਰ ਜਾਣੋ

## ਰਾਖੀ ਇਸਰਾਨੀ ਪ੍ਰਵਾਸੀਆਂ ਦੀ ਧੀ ਹੈ
## ਜੋ ਅਮਰੀਕਾ ਵਿੱਚ ਸਿਰਫ਼ ਦ੍ਰਿੜ ਇਰਾਦੇ ਨਾਲ ਆਈ ਸੀ।

ਉਸਨੇ ਆਪਣੇ ਮਾਪਿਆਂ ਨੂੰ ਮੁੱਢ ਤੋਂ ਜੀਵਨ ਬਣਾਉਂਦੇ ਦੇਖਿਆ ਅਤੇ ਫਿਰ ਉਸਨੇ ਵੀ ਅਜਿਹਾ ਹੀ ਕੀਤਾ।
ਰਾਖੀ ਨੇ ਇੱਕ ਈਸਟ ਬੇ ਐਜੂਕੇਸ਼ਨ ਕੰਪਨੀ ਦੀ ਸਥਾਪਨਾ ਕੀਤੀ ਜੋ ਇੱਕ ਦੇਸ਼ ਵਿਆਪੀ ਕਾਰਜ ਵਿੱਚ ਵਧੀ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਕਾਲਜ ਅਤੇ ਇਸ ਤੋਂ ਅੱਗੇ ਪਹੁੰਚਣ ਵਿੱਚ ਮਦਦ ਕੀਤੀ।





ਇੱਕ ਵਕੀਲ, ਸਿੱਖਿਅਕ, ਗੈਰ-ਮੁਨਾਫ਼ਾ ਆਗੂ, ਅਤੇ ਕਾਰੋਬਾਰੀ ਮਾਲਕ ਹੋਣ ਦੇ ਨਾਤੇ, ਜਿਸਨੇ ਈਸਟ ਬੇ ਵਿੱਚ ਆਪਣੇ ਚਾਰ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ 20 ਸਾਲ ਬਿਤਾਏ ਹਨ, ਰਾਖੀ ਜਾਣਦੀ ਹੈ ਕਿ ਇੱਥੇ ਕਿਹੜੇ ਪਰਿਵਾਰ ਹਨ। ਉਸਨੇ ਰਹਿਣ-ਸਹਿਣ ਦੀ ਲਾਗਤ ਨੂੰ ਅਸਮਾਨ ਛੂਹਦੇ ਦੇਖਿਆ ਹੈ ਜਦੋਂ ਕਿ ਵਾਸ਼ਿੰਗਟਨ ਹੋਰ ਵੀ ਵਿਘਨਕਾਰੀ ਅਤੇ ਸੰਪਰਕ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਉਸਨੇ ਇਸ ਬਾਰੇ ਕੁਝ ਕਰਨ ਦਾ ਫੈਸਲਾ ਕੀਤਾ ਹੈ। ਉਹ ਨਤੀਜੇ ਦੇਣ ਲਈ ਕਾਂਗਰਸ ਲਈ ਚੋਣ ਲੜ ਰਹੀ ਹੈ ਰਾਜਨੀਤਿਕ ਸ਼ੋਰ ਨਹੀਂ।



**Learn more at www.RakhiForCongress.com**


A Kimi Verma Production in collaboration with TV Asia
APPLY NOW
Miss & Mrs Punjaban USA 2026
Miss & Mrs India Global USA 2026
Beauty - Brains - Personality
(Participation, Tickets & Tables)
Call/ Text for info: 530-650-2777
31st May
Sunday
Red Carpet 02:00 pm
Show Time 03:00 pm
Tables & Tickets
Text/ Call 530-650-2777
TITLES YOU CAN WIN:
- Miss Punjaban USA (18 to 39 yrs old)
- Mrs. Punjaban USA ( 21 to 59)
- Miss India Global USA ( 18 to 39 yrs old)
- Mrs. India Global USA (21 to 59 yrs old)
- Grace of Punjab (60+yrs)
- Grace of India (60+ yrs)
BOLLYWOOD DANCE PARTY 6:00 PM
Scan QR Code for Registration
kimi.verma
DoubleTree by HILTON Los Angeles-Norwalk-Buena Park, 13111 Sycamore Drive, Norwalk, CA 90650

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਇਮੀਗ੍ਰੇਸ਼ਨ ਏਜੰਟ ਵਨੀਤ ਕੌਰ ਚੱਢਾ 'ਤੇ 5 ਸਾਲਾਂ ਲਈ ਲੱਗਿਆ ਬੈਨ ਹੁਣ ਨਹੀਂ ਦੇ ਸਕੇਗੀ ਕੋਈ ਕਾਨੂੰਨੀ ਸਲਾਹ!

ਮੈਲਬੌਰਨ
ਸਾਂਝੀ ਸੋਚ ਬਿਊਰੋ

ਆਸਟ੍ਰੇਲੀਆ ਵਿੱਚ ਪੰਜਾਬੀ ਮੂਲ ਦੀ ਇਮੀਗ੍ਰੇਸ਼ਨ ਏਜੰਟ ਵਨੀਤ ਕੌਰ ਚੱਢਾ ਦੀ ਰਜਿਸਟ੍ਰੇਸ਼ਨ ਰੱਦ ਕਰਕੇ ਉਨ੍ਹਾਂ 'ਤੇ 5 ਸਾਲ ਦੀ ਪਾਬੰਦੀ ਲਗਾ ਦਿੱਤੀ ਗਈ ਹੈ। ਵਨੀਤ ਕੌਰ ਚੱਢਾ 'ਤੇ ਵੀਜ਼ਾ ਧੋਖਾਧੜੀ ਦੇ ਦੋਸ਼ ਲੱਗੇ ਹਨ। ਵਨੀਤ ਕੌਰ 'ਰੋਇਲ ਮਾਈਗ੍ਰੇਸ਼ਨ ਐਂਡ ਐਜੂਕੇਸ਼ਨ ਕੰਸਲਟੈਂਟਸ' ਨਾਮ ਦੀ ਕੰਪਨੀ ਰਾਹੀਂ ਪੰਜਾਬ ਸਮੇਤ ਭਾਰਤ ਦੇ ਨੌਜਵਾਨਾਂ ਨੂੰ ਆਸਟ੍ਰੇਲੀਆ ਵਿੱਚ ਵੀਜ਼ਾ ਦਿਵਾਉਂਦੀ ਸੀ।ਦੋਸ਼ ਹੈ ਕਿ ਉਨ੍ਹਾਂ ਨੇ ਫਰਜ਼ੀ ਦਸਤਾਵੇਜ਼ ਪੇਸ਼ ਕਰਕੇ ਰਜਿਸਟ੍ਰੇਸ਼ਨ ਕਰਵਾਈ ਅਤੇ ਗੁੰਮਰਾਹਕੁੰਨ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਫਸਾ ਰਹੀ ਸੀ। ਆਸਟ੍ਰੇਲੀਆ ਵਿੱਚ 'ਆਫਿਸ ਆਫ ਦ ਮਾਈਗ੍ਰੇਸ਼ਨ ਏਜੰਟਸ ਰਜਿਸਟ੍ਰੇਸ਼ਨ ਅਥਾਰਟੀ' ਨੇ ਆਪਣੀ ਜਾਂਚ ਵਿੱਚ ਪਾਇਆ ਕਿ ਵਨੀਤ ਨੇ ਨਾ ਸਿਰਫ਼ ਨਿਯਮਾਂ ਨੂੰ ਤੋੜਿਆ, ਸਗੋਂ ਆਸਟ੍ਰੇਲੀਆਈ ਇਮੀਗ੍ਰੇਸ਼ਨ ਸਿਸਟਮ ਨਾਲ ਵੀ ਧੋਖਾ ਕੀਤਾ ਹੈ।ਹੁਣ ਵਨੀਤ ਚੱਢਾ ਅਗਲੇ 5 ਸਾਲਾਂ ਤੱਕ ਕਿਸੇ ਵੀ ਵਿਅਕਤੀ ਨੂੰ ਆਸਟ੍ਰੇਲੀਆ ਲਈ ਕਾਨੂੰਨੀ ਸਲਾਹ ਜਾਂ ਵੀਜ਼ਾ ਸਹਾਇਤਾ ਨਹੀਂ ਦੇ ਸਕੇਗੀ। ਅਥਾਰਟੀ ਨੇ ਉਨ੍ਹਾਂ ਨੂੰ ਇਸ ਪੇਸ਼ੇ ਲਈ ਇਮਾਨਦਾਰ ਅਤੇ ਯੋਗ ਨਹੀਂ ਮੰਨਿਆ ਹੈ। ਵਨੀਤ ਕੌਰ ਚੱਢਾ ਕਰੀਬ 10 ਸਾਲਾਂ ਤੋਂ ਇਸ ਪੇਸ਼ੇ ਵਿੱਚ ਸੀ। ਮੰਨਿਆ ਜਾ ਰਿਹਾ ਹੈ ਕਿ ਹੁਣ ਉਨ੍ਹਾਂ ਲੋਕਾਂ ਦੇ ਦਸਤਾਵੇਜ਼ਾਂ ਦੀ ਵੀ ਜਾਂਚ ਹੋ ਸਕਦੀ ਹੈ ਜੋ ਵਨੀਤ ਚੱਢਾ ਰਾਹੀਂ ਆਸਟ੍ਰੇਲੀਆ ਪਹੁੰਚੇ ਹਨ।ਮਿਲੀ ਜਾਣਕਾਰੀ ਅਨੁਸਾਰ ਵਨੀਤ ਕੌਰ ਚੱਢਾ ਸਾਲ 2016 ਤੋਂ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਵਜੋਂ ਕੰਮ ਕਰ ਰਹੀ ਸੀ। ਜਾਂਚ ਉਦੋਂ ਸ਼ੁਰੂ ਹੋਈ ਜਦੋਂ ਆਸਟ੍ਰੇਲੀਆ ਦੇ ਗ੍ਰਹਿ ਵਿਭਾਗ ਨੇ ਉਨ੍ਹਾਂ ਵੱਲੋਂ ਭੇਜੀਆਂ ਗਈਆਂ ਵੀਜ਼ਾ ਅਰਜ਼ੀਆਂ ਵਿੱਚ ਕੋਈ ਗੜਬੜ ਪਾਈ।ਵਿਭਾਗ ਨੂੰ ਸ਼ੱਕ ਹੋਇਆ ਕਿ ਅਰਜ਼ੀਆਂ ਵਿੱਚ ਦਿੱਤੀ ਗਈ ਜਾਣਕਾਰੀ ਅਤੇ ਅਸਲੀਅਤ ਵਿੱਚ ਅੰਤਰ ਹੈ। ਇਸ ਤੋਂ ਬਾਅਦ ਮਾਮਲਾ 'ਆਫਿਸ ਆਫ ਦ ਮਾਈਗ੍ਰੇਸ਼ਨ ਏਜੰਟਸ ਰਜਿਸਟ੍ਰੇਸ਼ਨ ਅਥਾਰਟੀ' ਨੂੰ ਸੌਂਪਿਆ ਗਿਆ, ਜਿਸ ਨੇ ਮਾਈਗ੍ਰੇਸ਼ਨ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵਨੀਤ ਦੇ ਪੂਰੇ ਕਰੀਅਰ ਦੀਆਂ ਫਾਈਲਾਂ ਨੂੰ ਖੰਗਾਲਣਾ ਸ਼ੁਰੂ ਕਰ ਦਿੱਤਾ।'ਆਫਿਸ ਆਫ ਦ ਮਾਈਗ੍ਰੇਸ਼ਨ ਏਜੰਟਸ ਰਜਿਸਟ੍ਰੇਸ਼ਨ ਅਥਾਰਟੀ' ਦੀ ਜਾਂਚ ਵਿੱਚ ਸਭ ਤੋਂ ਵੱਡਾ ਖੁਲਾਸਾ ਇਹ ਹੋਇਆ ਕਿ ਵਨੀਤ ਚੱਢਾ ਨੇ ਕਈ ਵੀਜ਼ਾ ਬਿਨੈਕਾਰਾਂ ਨੂੰ ਪਰਦੇ ਦੇ ਪਿੱਛੇ ਰਹਿ ਕੇ ਇਮੀਗ੍ਰੇਸ਼ਨ ਸਹਾਇਤਾ ਦਿੱਤੀ, ਪਰ ਅਧਿਕਾਰਤ ਤੌਰ 'ਤੇ ਇਸ ਦੀ ਜਾਣਕਾਰੀ ਵਿਭਾਗ ਨੂੰ ਨਹੀਂ ਦਿੱਤੀ।



ਮਾਈਗ੍ਰੇਸ਼ਨ ਐਕਟ ਦੇ ਨਿਯਮਾਂ ਅਨੁਸਾਰ, ਜੇਕਰ ਕੋਈ ਏਜੰਟ ਕਿਸੇ ਕਲਾਇੰਟ ਦੀ ਮਦਦ ਕਰਦਾ ਹੈ, ਤਾਂ ਉਸ ਨੂੰ ਫਾਰਮ 956 ਰਾਹੀਂ ਆਪਣੀ ਭੂਮਿਕਾ ਸਪੱਸ਼ਟ ਕਰਨੀ ਹੁੰਦੀ ਹੈ।ਵਨੀਤ ਨੇ ਜਾਣਬੁੱਝ ਕੇ ਇਸ ਪ੍ਰਕਿਰਿਆ ਨੂੰ ਨਜ਼ਰਅੰਦਾਜ਼ ਕੀਤਾ, ਤਾਂ ਜੋ ਉਹ ਵਿਭਾਗ ਦੀ ਸਿੱਧੀ ਨਿਗਰਾਨੀ ਤੋਂ ਬਚ ਸਕੇ। ਉਨ੍ਹਾਂ ਦੀ ਇਹ ਹਰਕਤ ਪਾਰਦਰਸ਼ਤਾ ਦੇ ਸਿਧਾਂਤ ਦੇ ਖਿਲਾਫ਼ ਸੀ ਅਤੇ ਕਾਨੂੰਨ ਦੀ ਧਾਰਾ 312ਏ ਦੀ ਸਿੱਧੀ ਉਲੰਘਣਾ ਪਾਈ ਗਈ।

# ਪਿੰਡ ਟੋਡਰਵਾਲ ਵਿਖੇ ਡਾ.ਭੀਮ ਰਾਓ ਅੰਬੇਡਕਰ, ਮਹਾਤਮਾ ਜੋਤੀ ਰਾਓ ਫੂਲੇ ਤੇ ਗਿਆਨੀ ਦਿੱਤ ਸਿੰਘ ਦਾ ਜਨਮ ਦਿਵਸ ਮਨਾਇਆ

ਨਾਭਾ
ਸਾਂਝੀ ਸੋਚ ਬਿਊਰੋ

ਨਾਭਾ ਬਲਾਕ ਦੇ ਪਿੰਡ ਟੋਡਰਵਾਲ ਵਿਖੇ ਜਬਰ ਜੁਲਮ ਵਿਰੋਧੀ ਫਰੰਟ ਤੇ ਡਾਕਟਰ ਅੰਬੇਡਕਰ ਵੈਲਫੇਅਰ ਕਲੱਬ ਟੋਡਰਵਾਲ ਵੱਲੋਂ ਖਾਲਸਾ ਸਾਜਨਾ ਦਿਵਸ ,ਮਹਾਤਮਾ ਜੋਤੀ ਫੂਲੇ ਜਨਮ ਦਿਵਸ, ਡਾਕਟਰ ਭੀਮ ਰਾਓ ਅੰਬੇਡਕਰ ਜਨਮ ਦਿਵਸ ਤੇ ਗਿਆਨੀ ਦਿੱਤ ਸਿੰਘ ਦਾ ਜਨਮ ਦਿਵਸ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਸਮੂਲੀਅਤ ਕੀਤੀ ਸਮਾਜਿਕ ਆਗੂਆਂ ਨੇ ਆਪਣੇ ਵਿਚਾਰ ਰੱਖੇ ਅਤੇ ਧਾਰਮਿਕ ਆਗੂਆਂ ਨੇ ਖਾਲਸਾ ਸਾਜਨਾ ਦਿਵਸ ਅਤੇ ਗਿਆਨੀ ਦਿੱਤ ਸਿੰਘ ਜੀ ਬਾਰੇ ਭਰਪੂਰ ਚਾਨਣਾ ਪਾਇਆ ਇਸ ਸਮਾਜਿਕ ਸੰਮੇਲਨ ਵਿੱਚ ਪਹੁੰਚੇ ਉਚੇਰੇ ਤੌਰ ਤੇ ਪਹੁੰਚੇ ਡਾਕਟਰ ਰੀਤੂ ਸਿੰਘ ਅਤੇ ਬਾਬਾ ਰਾਜ ਰਾਜਾ ਰਾਜ ਸਿੰਘ ਨੇ ਹਾਜ਼ਰੀਨ ਵਿਅਕਤੀਆਂ ਨੂੰ ਸੰਬੋਧਨ ਕੀਤਾ ਡਾਕਟਰ ਰਿਤੂ ਸਿੰਘ ਨੇ ਕਿਹਾ ਕਿ ਹੁਣ ਤੱਕ ਸਰਕਾਰਾਂ ਨੇ ਗਰੀਬ ਅਤੇ ਕਮਜ਼ੋਰ ਵਰਗ ਅਤੇ ਅਨਸੂਚਿਤ ਜਾਤੀ ਨਾਲ ਸਬੰਧਤ ਲੋਕਾਂ ਦੇ ਵਿਕਾਸ ਬਾਰੇ ਕੋਈ ਧਿਆਨ ਨਹੀਂ ਦਿੱਤਾ, ਸਗੋਂ ਸਰਕਾਰਾਂ ਗਰੀਬਾਂ ਨੂੰ ਹੋਰ ਗਰੀਬ ਕਰਕੇ ਲਾਚਾਰ ਤੇ ਬੇਵਸ ਬਣਾ ਰਹੀਆਂ ਹਨ ਬਾਬਾ ਰਾਜਾ ਰਾਜ ਸਿੰਘ ਨੇ ਕਿਹਾ ਕਿ ਸਿੱਖ ਧਰਮ ਵਿੱਚ ਮਨੂੰਵਾਦੀ ਪ੍ਰਵਿਰਤੀ ਦੇ ਲੋਕਾਂ ਦਾ ਬੋਲ ਬਾਲਾ ਹੈ ਜਿਸ ਕਾਰਨ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੇ ਸਿੱਖ ਵਿਅਕਤੀਆਂ ਨੂੰ ਹਾਸੀਏ ਤੇ ਧੱਕਿਆ ਜਾ ਰਿਹਾ ਹੈ।

ਇਸ ਸਮਾਜਿਕ ਸੰਮੇਲਨ ਨੂੰ ਜਬਰ ਜੁਲਮ ਵਿਰੋਧੀ ਫਰੰਟ ਦੇ ਸੂਬਾ ਪ੍ਰਧਾਨ ਰਾਜ ਸਿੰਘ ਟੋਡਰਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਬਰ ਦਾ ਸਿਕਾਰ ਹੋਏ ਗਰੀਬ ਅਤੇ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਦੀ ਸਰਕਾਰ ਵੱਲੋਂ ਕੋਈ ਦਲੀਲ ਅਪੀਲ ਨਾ ਸੁਣ ਕੇ ਉਹਨਾਂ ਨੂੰ ਮਿਲਣ ਵਾਲੇ ਇਨਸਾਫ ਵਿੱਚ ਅੜਿੱਕਾ ਲਾਇਆ ਜਾ ਰਿਹਾ ਹੈ ਗਰੀਬਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਜਿਸ ਕਾਰਨ ਗਰੀਬਾਂ ਦਾ ਸਰਕਾਰ ਤੋਂ ਵਿਸ਼ਵਾਸ ਉੱਠਦਾ ਜਾ ਰਿਹਾ ਹੈ ਹੋਰਨਾਂ ਤੋਂ ਇਲਾਵਾ ਇਸ ਸਮਾਜਿਕ ਸੰਮੇਲਨ ਨੂੰ ਹੈਡਮਾਸਟਰ ਅਮਰ ਸਿੰਘ, ਭਾਨ ਸਿੰਘ ਜੱਸੀ ਪੇਧਨੀ,ਮਾਸਟਰ ਜਗਤਾਰ ਸਿੰਘ ,ਬੇਅੰਤ ਸਿੰਘ ਪੰਚ, ਜਗਦੀਪ ਸਿੰਘ ਸਿਰਥਲਾ, ਗਿਆਨੀ ਅੰਮ੍ਰਿਤ ਸਿੰਘ , ਦਲਵੀਰ ਸਿੰਘ ਛੀਟਾਂਵਾਲਾ, ਬਹੁਤ ਸਾਰੇ ਤੋਂ ਇਲਾਵਾ ਬਹੁਤ ਸਾਰੇ ਆਗੂਆਂ ਨੇ ਸੰਬੋਧਨ ਕੀਤਾ ਬੱਚਿਆਂ ਵੱਲੋਂ ਕੋਰੀਓਗਰਾਫੀਆਂ ਪੇਸ ਕੀਤੀਆਂ ਗਈਆਂ, ਭੋਲੀ ਗੋਬਿੰਦਪੁਰਾ ਵੱਲੋਂ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ ਗੁਰੂ ਦਾ ਲੰਗਰ ਅਤੁੱਟ ਵਰਤਿਆ। ਬੱਚਿਆਂ ਅਤੇ ਆਗੂਆਂ ਨੂੰ ਸਨਮਾਨ ਚਿੰਨ ਦੇ ਕੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ



# ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਾਲੇ ਕਾਰਟੇਲਾਂ ਨਾਲ ਸਬੰਧਤ ਪੰਜ ਵਿਅਕਤੀ 7 ਕਿਲੋ ਹੈਰੋਇਨ ਸਮੇਤ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ

ਅੰਮ੍ਰਿਤਸਰ
ਧੈਰਿਆ ਮਹਿਰਾ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਮੁਲਜ਼ਮਾਂ ਨੂੰ 7.050 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਾਲੇ ਦੋ ਕਾਰਟੇਲਾਂ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਦੀਪਕ ਸਿੰਘ ਉਰਫ਼ ਦੀਪੂ (22) ਵਾਸੀ ਹਰਕ੍ਰਿਸ਼ਨ ਨਗਰ ਛੇਹਰਟਾ, ਅੰਮ੍ਰਿਤਸਰ; ਪ੍ਰਿੰਸ ਸਿੰਘ ਉਰਫ਼ ਪ੍ਰਿੰਸ ਵਾਸੀ ਪਿੰਡ ਕੋਹਾਲਾ, ਅੰਮ੍ਰਿਤਸਰ; ਰਜਿੰਦਰ ਸਿੰਘ ਉਰਫ਼ ਘੁੱਦੂ (23), ਰਣਦੀਪ ਸਿੰਘ ਉਰਫ਼ ਦਿਲ (19) ਅਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ (21) ਵਜੋਂ ਹੋਈ ਹੈ, ਤਿੰਨੋਂ ਨਿਵਾਸੀ ਪਿੰਡ ਸੈਂਸਰਾ ਕਲਾਂ, ਅੰਮ੍ਰਿਤਸਰ ਵਜੋਂ ਹੋਈ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ, ਜਿਸ 'ਤੇ ਉਹ ਨਸ਼ਿਆਂ ਦੀ ਤਸਕਰੀ ਕਰ ਰਹੇ ਸਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਸਥਿਤ ਇੱਕ ਤਸਕਰ ਦੇ ਸੰਪਰਕ ਵਿੱਚ ਸਨ, ਜੋ ਡਰੋਨ ਰਾਹੀਂ ਖੇਪ ਭੇਜ ਕੇ ਆਪਣੇ ਸਥਾਨਕ ਹੈਂਡਲਰਾਂ ਰਾਹੀਂ ਪੰਜਾਬ ਭਰ ਵਿੱਚ ਇਸ ਦੀ ਸਪਲਾਈ ਕਰ ਰਿਹਾ ਸੀ।ਡੀਜੀਪੀ ਨੇ ਕਿਹਾ ਕਿ ਇਸ ਨਸ਼ਾ ਤਸਕਰੀ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ ਦੇ ਆਧਾਰ 'ਤੇ ਚਲਾਏ ਗਏ ਇੱਕ ਟੀਕਾਗਤ ਆਪ੍ਰੇਸ਼ਨ ਦੌਰਾਨ, ਪੁਲਿਸ ਟੀਮਾਂ ਨੇ ਦੀਪਕ ਸਿੰਘ ਉਰਫ਼ ਦੀਪੂ ਨੂੰ 1.3 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਤੋਂ ਕੀਤੀ ਗਈ ਪੁੱਛਗਿੱਛ ਦੌਰਾਨ ਪੁਲਿਸ ਨੂੰ ਹੋਰ 2.6 ਕਿਲੋ ਹੈਰੋਇਨ ਬਰਾਮਦ ਕਰਨ ਵਿੱਚ ਸਫਲਤਾ ਮਿਲੀ, ਜਿਸ ਨਾਲ ਇਸ ਦੀ ਕੁੱਲ ਬਰਾਮਦਗੀ 4.04 ਕਿਲੋ ਹੈਰੋਇਨ ਹੋ ਗਈ।ਉਨ੍ਹਾਂ ਕਿਹਾ ਕਿ ਪਾਕਿਸਤਾਨ ਅਧਾਰਤ ਹੈਂਡਲਰ ਬਾਰੇ ਹੋਰ ਜਾਂਚ ਦੌਰਾਨ, ਪੁਲਿਸ ਟੀਮਾਂ ਨੇ ਤਿੰਨ ਹੋਰ ਮੁਲਜ਼ਮਾਂ ਰਜਿੰਦਰ ਉਰਫ਼ ਘੁੱਦੂ, ਰਣਦੀਪ ਉਰਫ਼ ਦਿਲ ਅਤੇ ਗੁਰਪ੍ਰੀਤ ਉਰਫ਼ ਗੋਪੀ ਨੂੰ 1.01 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਗ੍ਰਿਫ਼ਤਾਰ ਮੁਲਜ਼ਮ ਵੱਲੋਂ ਕੀਤੇ ਹੋਰ ਖੁਲਾਸੇ ਦੇ ਆਧਾਰ 'ਤੇ, ਉਨ੍ਹਾਂ ਦੇ ਚੌਥੇ ਸਾਥੀ, ਪ੍ਰਿੰਸ ਸਿੰਘ ਉਰਫ਼ ਪ੍ਰਿੰਸ ਨੂੰ ਵੀ 2 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ।ਪੁਲਿਸ ਕਮਿਸ਼ਨਰ ਨੇ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮ ਦੀਪਕ ਉਰਫ਼ ਦੀਪੂ 'ਤੇ ਐਨਡੀਪੀਐਸ ਐਕਟ ਤਹਿਤ ਪਹਿਲਾਂ ਵੀ ਖੰਨਾ ਥਾਣੇ ਵਿਖੇ ਅਪਰਾਧਿਕ ਕੇਸ ਦਰਜ ਹੈ।ਇਸ ਸਬੰਧੀ ਦੋ ਵੱਖ-ਵੱਖ ਮਾਮਲੇ ਥਾਣਾ ਛੇਹਰਟਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਧੀਨ ਐਫਆਈਆਰ ਨੰਬਰ 77 ਮਿਤੀ 08-04-2026 ਅਤੇ ਥਾਣਾ ਛਾਉਣੀ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਧੀਨ ਐਫਆਈਆਰ ਨੰਬਰ 61 ਮਿਤੀ 17-04-2026 ਦਰਜ ਕੀਤੇ ਗਏ ਹਨ।




Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੇ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਕਾਸ਼ੀ ਯਾਤਰਾ ਲਈ ਕੇਂਦਰ ਜਲਦ ਤੋਂ ਜਲਦ ਕਰੇ ਰੇਲ ਗੱਡੀਆਂ ਦਾ ਸ਼ਡਿਊਲ ਜਾਰੀ: ਦੀਪਕ ਬਾਲੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਦੇ ਸੱਭਿਆਚਾਰਕ ਅਤੇ ਸੈਰ-ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਪੰਜਾਬ ਤੋਂ ਕਾਸ਼ੀ (ਵਾਰਾਣਸੀ) ਲਈ ਵਿਸ਼ੇਸ਼ ਰੇਲ ਗੱਡੀਆਂ ਤੁਰੰਤ ਅਲਾਟ ਕੀਤੀਆਂ ਜਾਣ।

ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਇਸ ਪਵਿੱਤਰ ਅਵਸਰ ਨੂੰ ਫਰਵਰੀ 2026 ਤੋਂ ਫਰਵਰੀ 2027 ਤੱਕ ਬਹੁਤ ਹੀ ਸ਼ਾਨਦਾਰ ਪੱਧਰ 'ਤੇ ਮਨਾ ਰਹੀ ਹੈ। ਸਾਲ ਭਰ ਚੱਲਣ ਵਾਲੇ ਸਮਾਗਮਾਂ ਤਹਿਤ ਦੇਸ਼-ਵਿਦੇਸ਼ ਅਤੇ ਉਨ੍ਹਾਂ ਸਾਰੀਆਂ ਥਾਵਾਂ 'ਤੇ ਕੀਰਤਨ ਦਰਬਾਰ ਅਤੇ ਸ਼ੋਭਾ ਯਾਤਰਾਵਾਂ ਕੱਢੀਆਂ ਜਾ ਰਹੀਆਂ ਹਨ, ਜਿੱਥੇ ਗੁਰੂ ਸਾਹਿਬ ਦੇ ਚਰਨ ਪਏ ਸਨ। ਦੀਪਕ ਬਾਲੀ ਨੇ ਕਿਹਾ ਕਿ ਸੰਗਤਾਂ ਨੂੰ ਗੁਰੂ ਸਾਹਿਬ ਦੀ ਜਨਮ ਭੂਮੀ ਅਤੇ ਤਪ ਅਸਥਾਨ 'ਕਾਸ਼ੀ' ਦੇ ਦਰਸ਼ਨ ਕਰਵਾਉਣ ਲਈ ਪੰਜਾਬ ਸਰਕਾਰ ਨੇ ਪੂਰੇ ਇੱਕ ਸਾਲ ਲਈ ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਦੀ ਯੋਜਨਾ ਬਣਾਈ ਹੈ। ਇਸ ਦੇ ਲਈ ਪੰਜਾਬ ਸਰਕਾਰ ਵੱਲੋਂ ਬੀਤੀ 30 ਮਾਰਚ ਨੂੰ ਹੀ ਆਈਆਰਸੀਟੀਸੀ ਨੂੰ ਪੱਤਰ ਲਿਖ ਕੇ ਟ੍ਰੇਨ ਚਲਾਉਣ ਦੀ ਮੰਗ ਕੀਤੀ ਗਈ ਸੀ। ਹਾਲਾਂਕਿ ਕਰੀਬ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਜਾਂ ਰੇਲਵੇ ਵਿਭਾਗ ਵੱਲੋਂ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਮੈਂ ਨਿੱਜੀ ਤੌਰ 'ਤੇ ਵੀ ਰੇਲਵੇ ਨਾਲ ਇਸ ਸਬੰਧ ਵਿਚ ਗੱਲ ਕੀਤੀ ਹੈ, ਪਰ ਅਜੇ ਤੱਕ ਸਿਰਫ਼ 'ਵਿਚਾਰ ਕਰ ਰਹੇ ਹਾਂ' ਵਰਗੇ ਜਵਾਬ ਹੀ ਮਿਲ ਰਹੇ ਹਨ, ਜੋ ਕਿ ਗੁਰੂ ਦੀ ਸੰਗਤ ਪ੍ਰਤੀ ਉਚਿਤ ਵਿਵਹਾਰ ਨਹੀਂ ਹੈ। ਬਾਲੀ ਨੇ ਕੇਂਦਰ ਸਰਕਾਰ ਅਤੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਦੇ ਨਾਲ-ਨਾਲ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਵੀ ਅਪੀਲ ਕੀਤੀ ਕਿ ਇਸ ਪਵਿੱਤਰ ਕਾਰਜ ਨੂੰ ਰਾਜਨੀਤੀ ਦੀ ਭੇਟ ਨਾ ਚੜ੍ਹਾਇਆ ਜਾਵੇ।



ਉਨ੍ਹਾਂ ਕਿਹਾ ਕਿ ਇਹ ਸਿਰਫ਼ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਮੰਗ ਨਹੀਂ ਹੈ, ਸਗੋਂ ਇਹ ਲੱਖਾਂ ਗੁਰੂ ਪ੍ਰੇਮੀ ਸੰਗਤਾਂ ਦੀ ਆਸਥਾ ਦਾ ਸਵਾਲ ਹੈ। ਕੇਂਦਰ ਸਰਕਾਰ ਨੂੰ ਇਸ ਨੂੰ ਸਿਆਸੀ ਚਸ਼ਮੇ ਤੋਂ ਨਹੀਂ ਦੇਖਣਾ ਚਾਹੀਦਾ ਕਿ ਇਹ ਰੇਲ ਗੱਡੀਆਂ ਪੰਜਾਬ ਸਰਕਾਰ ਨੇ ਮੰਗੀਆਂ ਹਨ। ਪੰਜਾਬ ਦੇ ਨੁਮਾਇੰਦੇ ਹੋਣ ਦੇ ਨਾਤੇ ਖਾਸ ਤੌਰ 'ਤੇ ਰਵਨੀਤ ਬਿੱਟੂ ਨੂੰ ਅਪੀਲ ਕਰਦਿਆਂ ਬਾਲੀ ਨੇ ਕਿਹਾ ਕਿ ਉਹ ਗੁਰੂ ਦੇ ਨਿਮਰ ਸੇਵਕ ਬਣ ਕੇ ਇਨ੍ਹਾਂ ਰੇਲ ਗੱਡੀਆਂ ਦੀ ਜਲਦੀ ਮਨਜ਼ੂਰੀ ਦਿਵਾਉਣ। ਦੀਪਕ ਬਾਲੀ ਨੇ ਸਮੂਹ ਸੰਤ ਸਮਾਜ ਨੂੰ ਵੀ ਅਪੀਲ ਕੀਤੀ ਕਿ ਉਹ ਕੇਂਦਰ ਸਰਕਾਰ ਅਤੇ ਸਬੰਧਤ ਮੰਤਰੀਆਂ 'ਤੇ ਦਬਾਅ ਬਣਾਉਣ ਤਾਂ ਜੋ ਪੰਜਾਬ ਦੀ ਸੰਗਤ ਜਲਦ ਤੋਂ ਜਲਦ ਗੁਰੂ ਧਾਮਾਂ ਦੇ ਦਰਸ਼ਨ ਕਰ ਸਕੇ। ਉਨ੍ਹਾਂ ਕਿਹਾ ਕਿ ਧਾਰਮਿਕ ਆਸਥਾ ਦੇ ਕਾਰਜਾਂ ਵਿੱਚ ਦੇਰੀ ਕਰਨਾ ਜਾਇਜ਼ ਨਹੀਂ ਹੈ। ਕੇਂਦਰ ਨੂੰ ਆਈਆਰਸੀਟੀਸੀ ਕੋਲ ਪੈਂਡਿੰਗ ਪੱਤਰ 'ਤੇ ਤੁਰੰਤ ਕਾਰਵਾਈ ਕਰਕੇ ਰੇਲ ਗੱਡੀਆਂ ਦਾ ਸ਼ਡਿਊਲ ਜਾਰੀ ਕਰਨਾ ਚਾਹੀਦਾ ਹੈ।

# ਗੁਰੂ ਨਾਨਕ ਦੀ ਸਮਾਨਤਾ ਦੀ ਸੋਚ ਦੇ ਵਿਰੁੱਧ ਖੜ੍ਹਾ ਅਕਾਲੀ ਦਲ- ਸਿਆਸੀ ਸਵਾਰਥਾਂ ਨੇ ਦਿਖਾਇਆ ਅਸਲੀ ਰੰਗ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਲਈ 33 ਫ਼ੀਸਦੀ ਰਿਜ਼ਰਵੇਸ਼ਨ ਦੇ ਸੰਵਿਧਾਨਿਕ ਸੋਧ ਬਿੱਲ ਦਾ ਵਿਰੋਧ ਕਰਕੇ ਵਿਰੋਧੀ ਧਿਰਾਂ ਨੇ ਆਪਣਾ ਅਸਲੀ ਔਰਤ-ਵਿਰੋਧੀ ਚਿਹਰਾ ਦੇਸ਼ ਦੇ ਸਾਹਮਣੇ ਨੰਗਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਬਿੱਲ ਦਾ ਵਿਰੋਧ ਨਹੀਂ, ਸਗੋਂ ਦੇਸ਼ ਦੀ ਅੱਧੀ ਆਬਾਦੀ ਦੇ ਹੱਕਾਂ ਨੂੰ ਰੌਂਦਣ ਦੀ ਸੋਚ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਭਾਜਪਾ ਨੇ ਇਸ ਇਤਿਹਾਸਕ ਬਿੱਲ ਨੂੰ ਅੱਗੇ ਵਧਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਤਾਂ ਵਿਰੋਧੀਆਂ ਨੇ ਆਪਣੀ ਸਿਆਸੀ ਬੇਚੈਨੀ ਵਿੱਚ ਇਸ ਦਾ ਵਿਰੋਧ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਨਾ ਤਾਂ ਮਹਿਲਾਵਾਂ ਦੇ ਹੱਕ ਵਿੱਚ ਹਨ ਅਤੇ ਨਾ ਹੀ ਦੇਸ਼ ਦੇ ਭਵਿੱਖ ਲਈ ਗੰਭੀਰ ਹਨ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਅਗਵਾਈ ਸੰਵੇਦਨਸ਼ੀਲਤਾ, ਨੈਤਿਕਤਾ ਅਤੇ ਦੂਰਦਰਸ਼ਤਾ ਨਾਲ ਭਰਪੂਰ ਹੁੰਦੀ ਹੈ, ਜੋ ਦੇਸ਼ ਨੂੰ ਨਵੀਆਂ ਉਚਾਈਆਂ ਵੱਲ ਲਿਜਾਣ ਦੀ ਸਮਰੱਥਾ ਰੱਖਦੀ ਹੈ। ਪਰ ਵਿਰੋਧੀਆਂ ਨੂੰ ਮਹਿਲਾ ਸਸ਼ਕਤੀਕਰਨ ਨਹੀਂ, ਸਿਰਫ਼ ਆਪਣੀ ਰਾਜਨੀਤਿਕ ਜ਼ਮੀਨ ਖਿਸਕਣ ਦਾ ਡਰ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਸਭ ਤੋਂ ਵੱਡੀ ਤ੍ਰਾਸਦੀ ਤਾਂ ਇਹ ਹੈ ਕਿ ਅਕਾਲੀ ਦਲ, ਜਿਸਦਾ ਇਤਿਹਾਸ ਮਹਿਲਾਵਾਂ ਦੇ ਹੱਕਾਂ ਦੀ ਲੜਾਈ ਨਾਲ ਜੁੜਿਆ ਰਿਹਾ ਅਤੇ ਸਿੱਖ ਗੁਰਦੁਆਰਾ ਐਕਟ 1925 ਰਾਹੀਂ ਸਿੱਖ ਮਹਿਲਾਵਾਂ ਨੂੰ ਵੋਟ ਦਾ ਅਧਿਕਾਰ ਦਿਵਾਉਣ ਦੀ ਸਫਲ ਪਹਿਲ ਕਦਮੀ ਰਾਹੀ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਔਰਤਾਂ ਨੂੰ ਵੋਟ ਦਾ ਅਧਿਕਾਰ ਅਤੇ ਸਿਆਸੀ ਹੱਕ ਦਿਵਾਉਣ ਦੀ ਅਗਵਾਈ ਕਰਨ ਵਾਲਾ ਅਕਾਲੀ ਦਲ ਅੱਜ ਆਪਣੇ ਸਿਆਸੀ ਸਵਾਰਥਾਂ ਲਈ ਅਤੇ "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ" ਦੇ ਬਰਾਬਰੀ ਦੇ ਸਿਧਾਂਤ ਵਰਗੇ ਸਿੱਖ ਫ਼ਲਸਫ਼ੇ ਤੋਂ ਮੂੰਹ ਮੋੜ ਲਿਆ ਹੈ। ਅਕਾਲੀ ਦਲ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦੇ ਗੁਰੂ ਨਾਨਕ ਦੇ ਔਰਤਾਂ ਪ੍ਰਤੀ ਚੁੱਕੀ ਗਈ ਆਵਾਜ਼ ਦੇ ਵਿਪਰੀਤ ਆਪਣੇ ਰਾਜਨੀਤਿਕ ਸਵਾਰਥੀ ਏਜੰਡੇ ਨੂੰ ਅੱਗੇ ਵਧਾਉਣ ਵਿੱਚ ਲੱਗਿਆ ਹੋਇਆ ਹੈ। ਉਨ੍ਹਾਂ ਤਿੱਖਾ ਪ੍ਰਹਾਰ ਕਰਦੇ ਹੋਏ ਕਿਹਾ ਕਿ ਸਭ ਤੋਂ ਵੱਡੀ ਵਿਡੰਬਣਾ ਇਹ ਹੈ ਕਿ 'ਧੀਆਂ ਦਾ ਸਨਮਾਨ ਕਰੋ ਪੁੱਤਰਾ ਵਾਂਗ ਪਿਆਰ ਕਰੋ' ਦੇ ਨਾਅਰੇ ਹੇਠ 'ਨੰਨ੍ਹੀ ਛਾਂ' ਦੇ ਨਾਮ ਨਾਲ ਆਪਣੀ ਰਾਜਨੀਤੀ ਚਮਕਾਉਣ ਲਈ ਅੱਗੇ ਆਈ ਅਕਾਲੀ ਸਾਂਸਦ ਹਰਸਿਮਰਤ ਕੌਰ ਬਾਦਲ ਸੰਸਦ ਵਿੱਚ ਧੀਆਂ ਦੇ ਹੱਕਾਂ ਦੇ ਵਿਰੁੱਧ ਖੜ੍ਹੇ ਨਜ਼ਰ ਆਏ ਅਤੇ ਮਹਿਲਾ ਰਿਜ਼ਰਵੇਸ਼ਨ ਬਿਲ ਦਾ ਵਿਰੋਧ ਕਰਦਿਆਂ ਨੰਨ੍ਹੀਆਂ ਛਾਵਾਂ ਦੇ ਹੱਕਾਂ 'ਚ ਡਾਕਾ ਮਾਰਿਆ ਗਿਆ। ਧੀਆਂ ਦੇ ਸਨਮਾਨ ਦੀ ਗੱਲ ਕਰਨ ਵਾਲਿਆਂ ਦੇ ਇਸ ਦੋਹਰੇ ਕਿਰਦਾਰ ਨੂੰ ਪੰਜਾਬ ਦੀਆਂ ਧੀਆਂ ਅਤੇ ਦੇਸ਼ ਦੀਆਂ ਮਹਿਲਾਵਾਂ ਕਦੇ ਮਾਫ਼ ਨਹੀਂ ਕਰਨਗੀਆਂ। ਉਨ੍ਹਾਂ ਕਿਹਾ ਕਿ ਅਕਾਲੀ ਦਲ ਅਤੇ ਹੋਰ ਵਿਰੋਧੀਆਂ ਵੱਲੋਂ ਸੰਘੀ ਢਾਂਚੇ ਨੂੰ ਨੁਕਸਾਨ ਦੇ ਦਾਅਵੇ ਸਿਰਫ਼ ਡਰ ਅਤੇ ਗੁਮਰਾਹਕੁਨ ਪ੍ਰਾਪੇਗੰਡਾ ਫੈਲਾਉਣ ਦੀ ਸਾਜ਼ਿਸ਼ ਹਨ। ਹੱਦਬੰਦੀ ਕਮਿਸ਼ਨ ਇੱਕ ਸੁਤੰਤਰ ਸੰਸਥਾ ਹੈ, ਜਿਸ ਵਿੱਚ ਕਿਸੇ ਵੀ ਸਰਕਾਰ ਦੀ ਦਖ਼ਲਅੰਦਾਜ਼ੀ ਸੰਭਵ ਨਹੀਂ। 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਸੀਟਾਂ ਵਧਣ ਨਾਲ ਦੇਸ਼ ਦੀ ਲੋਕਤੰਤਰਿਕ ਵਿਵਸਥਾ 'ਚ ਔਰਤਾਂ ਦੀ ਨੁਮਾਇੰਦਗੀ ਹੋਰ ਮਜ਼ਬੂਤ ਹੋਣੀ ਸੀ, ਨਾ ਕਿ ਕਮਜ਼ੋਰ। ਉਹਨਾਂ ਕਿਹਾ ਕਿ ਵਿਰੋਧੀਆਂ ਦੀ ਮਾਨਸਿਕਤਾ ਨਾ ਹੀ ਔਰਤਾਂ ਦੇ ਹੱਕ ਵਿੱਚ ਹੈ ਤੇ ਨਾ ਹੀ ਦੇਸ਼ ਤੇ ਹਿਤ ਵਿੱਚ ਹੈ । ਜਿਸ ਕਾਰਨ ਔਰਤਾਂ ਨੂੰ 33% ਰਿਜ਼ਰਵੇਸ਼ਨ ਤੋਂ ਹੁਣ ਤਕ ਵਾਂਝਾ ਕੀਤੀ ਰੱਖਿਆ। ਪ੍ਰੋ. ਖਿਆਲਾ ਨੇ ਕਾਂਗਰਸ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਛੇ ਦਹਾਕਿਆਂ ਤੱਕ ਸੱਤਾ ਵਿੱਚ ਰਹਿਣ ਵਾਲੀ ਕਾਂਗਰਸ ਨੇ ਮਹਿਲਾਵਾਂ ਨੂੰ ਸਿਰਫ਼ ਵੋਟ ਬੈਂਕ ਵਜੋਂ ਵਰਤਿਆ। 2010 ਵਿੱਚ ਰਾਜ ਸਭਾ ਵਿੱਚ ਬਿੱਲ ਪਾਸ ਹੋਣ ਦੇ ਬਾਵਜੂਦ ਇਸ ਨੂੰ ਲੋਕ ਸਭਾ ਵਿੱਚ ਲਿਆਉਣ ਦੀ ਹਿੰਮਤ ਨਹੀਂ ਦਿਖਾਈ ਗਈ। ਇਹ ਸਪਸ਼ਟ ਕਰਦਾ ਹੈ ਕਿ ਕਾਂਗਰਸ ਲਈ ਮਹਿਲਾਵਾਂ ਦੇ ਹੱਕ ਨਹੀਂ, ਸੱਤਾ ਦੀ ਕੁਰਸੀ ਜ਼ਿਆਦਾ ਮਹੱਤਵਪੂਰਨ ਸੀ। ਉਹਨਾਂ ਕਿਹਾ ਕਿ ਕਾਂਗਰਸ ਨੂੰ ਇਹ ਜਵਾਬ ਜ਼ਰੂਰ ਦੇਣਾ ਚਾਹੀਦਾ ਹੈ ਕਿ ਜਿਸ ਦੇਸ਼ ਨੇ ਉਹਨਾਂ ਨੂੰ ਦਹਾਕਿਆਂ ਤੱਕ ਪੂਰਨ ਬਹੁਮਤ ਅਤੇ ਨਿਰੰਕੁਸ਼ ਸੱਤਾ ਸੌਂਪੀ, ਸੰਸਦ ਵਿੱਚ ਉਸ ਦੇਸ਼ ਦੀਆਂ ਮਹਿਲਾਵਾਂ ਦੀ ਭਾਗੀਦਾਰੀ ਵਧਾਉਣ ਲਈ ਕੋਈ ਕਦਮ ਕਿਉਂ ਨਹੀਂ ਚੁੱਕਿਆ ਗਿਆ? ਉਨ੍ਹਾਂ ਸਵਾਲ ਰੱਖਿਆ ਕਿ ਬਹੁਮਤ ਵੀ ਤੁਹਾਡੀ ਸੀ ਅਤੇ ਹਕੂਮਤ ਵੀ ਤੁਹਾਡੀ ਸੀ ਫਿਰ ਕਿਉਂ 70 ਸਾਲਾਂ ਤੱਕ ਨਾਰੀ ਸ਼ਕਤੀ ਹਾਰਦੀ ਰਹੀ ਅਤੇ ਤੁਸੀਂ ਤੁਸ਼ਟੀਕਰਨ 'ਚ ਆਪਣਾ ਭਵਿੱਖ ਬੁਣਦੇ ਰਹੇ ਪਰ ਦੇਸ਼ ਦੀਆਂ ਬੇਟੀਆਂ ਹੱਕ ਮੰਗਦੀਆਂ ਰਹੀਆਂ, ਤੁਸੀਂ ਹਮੇਸ਼ਾ ਉਹਨਾਂ ਦੀ ਅਣਸੁਣੀ ਕਰਦੇ ਰਹੇ। ਕਾਂਗਰਸ ਲਈ ਮਹਿਲਾ ਸਸ਼ਕਤੀਕਰਨ ਦਾ ਮਤਲਬ ਕੇਵਲ ਖ਼ਾਨਦਾਨੀ ਵਿਰਾਸਤ ਨੂੰ ਅੱਗੇ ਵਧਾਉਣ ਤਕ ਹੀ ਸੀਮਤ ਰਿਹਾ। ਮਹਿਲਾ ਸ਼ਸਤਰੀਕਰਨ ਦੀ ਗੱਲ ਕਰਨ ਵਾਲੀ ਕਾਂਗਰਸ ਦਾ ਇਤਿਹਾਸ ਇਹ ਰਿਹਾ ਕਿ ਉਹਨਾਂ ਨੇ ਅੱਧੀ ਆਬਾਦੀ ਦੇ ਅਧਿਕਾਰਾਂ ਦੀ ਥਾਂ ਹਮੇਸ਼ਾ ਆਪਣੇ ਰਾਜਨੀਤਿਕ ਸਵਾਰਥ ਨੂੰ ਤਰਜੀਹ ਦਿੱਤੀ। ਉਹਨਾਂ ਕਿਹਾ ਕਿ ਕਾਂਗਰਸ ਦੇ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਵੱਲੋਂ ਇਹ ਸਪਸ਼ਟ ਕਿਹਾ ਗਿਆ ਹੈ ਕਿ ਬਿਲ ਦੇ ਵਿਰੋਧ ਦਾ ਮਕਸਦ ਕੇਵਲ ਤੇ ਕੇਵਲ ਭਾਜਪਾ ਨੂੰ ਭਵਿੱਖ ਵਿੱਚ ਸੱਤਾ ਚ ਆਉਣ ਤੋਂ ਰੋਕਣਾ ਸੀ। ਵਿਰੋਧੀਆਂ ਵੱਲੋਂ ਪ੍ਰਗਟਾਏ ਗਏ ਮਹਿਲਾ ਵਿਰੋਧੀ ਸੋਚ ਲਈ ਕੱਲ੍ਹ ਦਾ ਦਿਨ ਕਾਲਾ ਦਿਵਸ ਵਜੋਂ ਇਤਿਹਾਸ 'ਚ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਉਨ੍ਹਾਂ ਕਿਹਾ ਕਿ ਭਾਜਪਾ ਨੇ ਸਦਾ ਹੀ ਮਹਿਲਾ ਸਸ਼ਕਤੀਕਰਨ ਨੂੰ ਨੀਤੀ ਨਹੀਂ, ਪ੍ਰਾਥਮਿਕਤਾ ਬਣਾਇਆ ਹੈ। ਦੇਸ਼ ਦੀ ਪਹਿਲੀ ਆਦਿਵਾਸੀ ਮਹਿਲਾ ਰਾਸ਼ਟਰਪਤੀ ਸ਼੍ਰੀਮਤੀ ਦਰੋਪਦੀ ਮੁਰਮੂ ਅਤੇ ਵਿੱਤ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਇਸ ਦੀ ਜੀਵੰਤ ਮਿਸਾਲ ਹਨ। ਪਾਰਟੀ ਸੰਗਠਨ ਵਿੱਚ ਵੀ ਮਹਿਲਾਵਾਂ ਨੂੰ 33 ਫ਼ੀਸਦੀ ਪ੍ਰਤੀਨਿਧਤਾ ਲਾਗੂ ਹੈ। ਅੰਤ ਵਿੱਚ ਉਨ੍ਹਾਂ ਕਿਹਾ ਕਿ "ਨਾਰੀ ਸ਼ਕਤੀ ਦਾ ਸਨਮਾਨ ਹੀ ਰਾਸ਼ਟਰ ਨਿਰਮਾਣ ਦੀ ਮਜ਼ਬੂਤ ਨੀਂਹ ਹੈ", ਅਤੇ ਜੋ ਪਾਰਟੀਆਂ ਅੱਜ ਇਸ ਦੇ ਵਿਰੁੱਧ ਖੜੀਆਂ ਹਨ, ਇਤਿਹਾਸ ਉਨ੍ਹਾਂ ਨੂੰ ਮਹਿਲਾ ਵਿਰੋਧੀ ਸੋਚ ਦੇ ਪ੍ਰਤੀਕ ਵਜੋਂ ਯਾਦ ਰੱਖੇਗਾ।



# ਮਮਦੋਟ ਦੇ ਆਗੂਆਂ ਵਲੋਂ ਬੇਅਦਬੀ ਵਿਰੁੱਧ ਸਖਤ ਕਾਨੂੰਨ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕੀਤਾ ਧੰਨਵਾਦ

ਮਮਦੋਟ
ਜਸਵਿੰਦਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਸਖਤ ਕਾਨੂੰਨ ਬਣਾਉਣ ਦੇ ਉਪਰਾਲੇ ਲਈ ਪੰਜਾਬ ਦੇ ਮਾਨਯੋਗ ਮੁੱਖ ਮੰਤਰੀਭਗਵੰਤ ਸਿੰਘ ਮਾਨ ਦਾ ਮਮਦੋਟ ਇਲਾਕੇ ਦੇ ਆਗੂਆਂ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ। ਮਾਰਕੀਟ ਕਮੇਟੀ ਦੇ ਚੇਅਰਮੈਨ ਬਲਰਾਜ ਸਿੰਘ ਸੰਧੂ, ਨਗਰ ਪੰਚਾਇਤ ਦੇ ਪ੍ਰਧਾਨ ਉਪਿੰਦਰ ਸਿੰਘ ਸਿੰਧੀ, ਨਗਰ ਪੰਚਾਇਤ ਦੇ ਉਪ ਪ੍ਰਧਾਨ ਬਾਬਾ ਦਲਜੀਤ ਸਿੰਘ, ਆਮ ਆਦਮੀ ਪਾਰਟੀ ਦੇ ਮਮਦੋਟ ਦੇ ਸ਼ਹਿਰੀ ਪ੍ਰਧਾਨ ਸੁਰਿੰਦਰ ਕੁਮਾਰ ਸੋਨੂ ਸੇਠੀ (ਐਮ ਸੀ) ਅਤੇ ਵਾਰਡ ਨੰਬਰ 5 ਤੋਂ ਸੰਦੀਪ ਕੁਮਾਰ ਸੋਨੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਿਆ ਗਿਆ ਇਹ ਫੈਸਲਾ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਦਾ ਸੱਚਾ ਸਤਿਕਾਰ ਕਰਦਾ ਹੈ।

ਉਹਨਾਂ ਕਿਹਾ ਕਿ ਲੰਬੇ ਸਮੇਂ ਤੋਂ ਲੋਕ ਇਸ ਤਰ੍ਹਾਂ ਦੇ ਸਖਤ ਕਾਨੂੰਨ ਦੀ ਮੰਗ ਕਰ ਰਹੇ ਸਨ ਅਤੇ ਹੁਣ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਕਦਮ ਚੁੱਕਣਾ ਸਮੇਂ ਦੀ ਲੋੜ ਸੀ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਅਜਿਹੀਆਂ ਦੁੱਖਦਾਈ ਘਟਨਾਵਾਂ 'ਤੇ ਰੋਕ ਲੱਗੇਗੀ ਅਤੇ ਸਮਾਜ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰੇ ਨੂੰ ਹੋਰ ਮਜ਼ਬੂਤੀ ਮਿਲੇਗੀ। ਉਨਾਂ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਮੱਦੇਨਜ਼ਰ ਰੱਖਦਿਆਂ ਫੈਸਲੇ ਲੈਂਦੀ ਆ ਰਹੀ ਹੈ ਅਤੇ ਇਹ ਕਦਮ ਵੀ ਉਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਫੈਸਲੇ ਨਾਲ ਲੋਕਾਂ ਦਾ ਸਰਕਾਰ 'ਤੇ ਭਰੋਸਾ ਹੋਰ ਮਜ਼ਬੂਤ ਹੋਇਆ ਹੈ।

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR EST. 2025



# ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

## ਸਿਰ.ਫ ਇਕ ਕਾਲ - ਵੱਡੀ ਬੱਚਤ

# 510-706-1300

singhsolarusa@gmail.com

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


WE HAVE THE CHEAPEST FARES TO INDIA
LEGEND TRAVEL
arc accredited agency
CST # 207524-40
Special Fares To India From West-coast (us) On Air India Direct Flights
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਓਹਦਾ ਦਿੱਤਾ ਸਭ ਕੁਝ ਹੈ...!

ਤਾਈ ਰਾਮ ਕੌਰ ਦੀ ਉਮਰ ਚਾਹੇ ਅੱਸੀ-ਪਚਾਸੀ ਸਾਲਾਂ ਦੀ ਹੋ ਗਈ ਸੀ ਪਰ ਉਸ ਦਾ ਸਰੀਰ ਇਕਹਿਰਾ ਤੇ ਤੰਦਰੁਸਤ ਪਿਆ ਸੀ। ਉਸ ਦਾ ਰੰਗ ਗੋਰਾ ਤੇ ਚਿਹਰੇ ਤੇ ਪੂਰੀ ਰੌਣਕ ਸੀ। ਚਿੱਟੇ ਦੁੱਧ ਧੋਤੇ ਕੱਪੜੇ ਉਸ ਦੇ ਬੁਢਾਪੇ ਦਾ ਸ਼ਿੰਗਾਰ ਸਨ ਜੋ ਉਸ ਦੀ ਸ਼ਖ਼ਸੀਅਤ ਨੂੰ ਹੋਰ ਨਿਖ਼ਾਰ ਦਿੰਦੇ। ਉਸ ਦੀ ਅੱਖਾਂ ਦੀ ਨਿਗਾਹ ਚਾਹੇ ਘਟ ਗਈ ਸੀ ਪਰ ਪਛਾਣ ਸਭ ਨੂੰ ਲੈਂਦੀ ਸੀ। ਉਸ ਕੋਲ ਰੁਕ ਕੇ ਕਿਸੇ ਨੇ ਤਾਈ ਦਾ ਹਾਲ ਚਾਲ ਪੁੱਛਣਾ ਤਾਂ ਉਸ ਨੇ ਕਹਿਣਾ," ਬਹੁਤ ਵਧੀਆ... ਬਹੁਤ ਵਧੀਆ.... ਰੱਬ ਨੇ ਰੰਗ ਭਾਗ ਲਾਏ ਪਏ ਨੇ..... ਓਹਦਾ ਦਿੱਤਾ ਸਭ ਕੁਝ ਆ.....!" ਕਹਿਕੇ ਦੋਵੇਂ ਹੱਥ ਜੋੜ ਕੇ ਉੱਪਰ ਨੂੰ ਦੇਖਦੀ ਹੋਈ ਰੱਬ ਦੇ ਸੌ ਸੌ ਸ਼ੁਕਰਾਨੇ ਕਰਦੀ। ਦਰ ਅਸਲ ਹੁਣ ਤਾਂ ਤਾਈ ਨੂੰ ਰੱਬ ਦਾ ਦਿੱਤਾ ਹੋਇਆ ਸਭ ਕੁਝ ਸੀ। ਸੱਚ ਮੁੱਚ ਹੀ ਉਸ ਨੂੰ ਹੁਣ ਕਿਸੇ ਚੀਜ਼ ਦੀ ਕਮੀ ਨਹੀਂ ਸੀ। ਉਸ ਦਾ ਇੱਕੋ ਪੁੱਤਰ ਸੀ ਜੋ ਇੱਕ ਸਰਕਾਰੀ ਅਫ਼ਸਰ ਲੱਗਿਆ ਹੋਇਆ ਸੀ । ਉਸ ਦੀ ਪਤਨੀ ਅਤੇ ਬੱਚੇ ਉਸ ਨਾਲ਼ ਹੀ ਰਹਿੰਦੇ ਸਨ। ਜਦੋਂ ਉਹਨਾਂ ਨੂੰ ਸਮਾਂ ਲੱਗਦਾ,ਉਹ ਤਾਈ ਕੋਲ਼ ਦੋ ਚਾਰ ਦਿਨ ਲਾ ਜਾਂਦੇ ਸਨ। ਪੜ੍ਹੇ ਲਿਖੇ ਪਰਿਵਾਰ ਨੂੰ ਦੇਖ ਕੇ ਅਤੇ ਉਨ੍ਹਾਂ ਦਾ ਆਪਸ ਵਿੱਚ ਪਿਆਰ ਦੇਖ ਕੇ ਤਾਂ ਸੱਚ ਮੁੱਚ ਹੀ ਉਹਨਾਂ ਨੂੰ ਕਿਸੇ ਚੀਜ਼ ਦੀ ਕਮੀ ਦਿਖਾਈ ਨਹੀਂ ਦਿੰਦੀ ਸੀ।

ਸੁਰਿੰਦਰ ਤੇ ਉਸ ਦੀ ਸੱਸ ਜੋ ਤਾਈ ਰਾਮ ਕੌਰ ਦੇ ਗੁਆਂਢ ਵਿੱਚ ਹੀ ਰਹਿੰਦੀਆਂ ਸਨ ਤੇ ਸਕਿਆਂ ਵਿੱਚੋਂ ਹੀ ਸਨ, ਤਾਈ ਦੇ ਇਕੱਲੇ ਰਹਿੰਦੇ ਹੋਣ ਕਰਕੇ ਉਹ ਵੇ਼ਲੇ ਕੁਵੇਲੇ ਉਸ ਦਾ ਧਿਆਨ ਰੱਖਦੀਆਂ ਸਨ। ਕਦੇ ਕਦੇ ਸੁਰਿੰਦਰ ਦੇ ਬੱਚੇ ਵੀ ਤਾਈ ਕੋ਼ਲ ਜਾ ਕੇ ਸੌਂ ਜਾਂਦੇ ਸਨ। ਇੱਕ ਦਿਨ ਸੁਰਿੰਦਰ ਨੇ ਆਪਣੀ ਸੱਸ ਨੂੰ ਪੁੱਛਿਆ," ਬੀਜੀ.... ਮੈਨੂੰ ਕਿੰਨਾ ਚਿਰ ਹੋ ਗਿਆ ਵਿਆਹੀ ਆਈ ਨੂੰ.... ਇਹ ਆਪਣੇ ਤਾਈ ਜੀ ਨੂੰ ਮੈਂ ਹਮੇਸ਼ਾ ਇਸ ਤਰ੍ਹਾਂ ਹੀ ਖੁਸ਼ਹਾਲ ਦੇਖਦੀ ਆਂ...... ਕਦੇ ਉਦਾਸ ਜਾਂ ਨਿਰਾਸ਼ ਜਾਂ ਮਰੂੰ ਮਰੂੰ ਕਰਦੇ ਨਹੀਂ ਦੇਖਿਆ......ਉਹ ਹਮੇਸ਼ਾ ਚੜ੍ਹਦੀ ਕਲਾ ਵਿੱਚ ਈ ਰਹਿੰਦੇ ਨੇ......!" ਸੁਰਿੰਦਰ ਦੇ ਬੀਜੀ ਉਸ ਦੀ ਗੱਲ ਸੁਣ ਕੇ ਮੁਸਕਰਾ ਪਏ ਤੇ ਆਖਣ ਲੱਗੇ," ਤੂੰ ਤਾਂ ਹਜੇ ਕੱਲ੍ਹ ਦੀ ਜਵਾਕੜੀ ਐਂ ਸਾਡੇ ਲਈ...... ਜਦੋਂ ਮੈਂ ਵਿਆਹੀ ਆਈ ਸੀ ਤਾਂ ਰਾਮ ਕੌਰ ਦੇ ਵਿਆਹ ਨੂੰ ਮਸਾਂ ਦੋ ਕੁ ਵਰ੍ਹੇ ਹੋਏ ਸਨ..... ਮੈਂ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ ਇਹਨੂੰ ਕਦੇ ਉਦਾਸ ਜਾਂ ਮਰੂੰ ਮਰੂੰ ਕਰਦੇ ਨੀ ਦੇਖਿਆ..... ਇਹਨੇ ਬਥੇਰੇ ਔਖੇ ਵੇਲੇ ਦੇਖੇ ਨੇ..... ਪਰ ਜੀਹਨੂੰ ਮਿਲਣਾ..... ਏਦਾਂ ਈ ਹੱਸ ਕੇ ਮਿ਼ਲਦੀ ਤੇ ਆਪਣੇ ਆਪ ਨੂੰ ਬਹੁਤ ਖੁਸ਼ਹਾਲ ਤੇ ਭਾਗਾਂ ਵਾ਼ਲੀ ਦੱਸਦੀ...... ਦੇਖਣ ਵਾ਼ਲੇ ਨੂੰ ਲੱਗਦਾ ਕਿ ਇਹਦੇ ਜਿੰਨਾਂ ਕੋਈ ਸੌਖਾ ਇਨਸਾਨ ਹੋ ਈ ਨੀ ਸਕਦਾ।"

"ਅੱਛਾ ਬੀਜੀ...! .... ਤਾਈ ਨੇ ਕੀ ਔਖੇ ਵੇਲੇ ਦੇਖੇ ਸੀ?" ਸੁਰਿੰਦਰ ਨੇ ਹੈਰਾਨ ਹੋ ਕੇ ਪੁੱਛਿਆ।

"ਰਾਮ ਕੌਰ.... ਸਾਡੇ ਚਾਚੇ ਹੋਰਾਂ ਦੀ ਕੱਲੀ ਕੱਲੀ ਨੂੰਹ ਸੀ.... ਚਾਚਾ ਤਾਂ ਹੈ ਨੀ ਸੀ , ਚਾਚੀ ਨੇ ਇਹਦੇ ਜਵਾਕ ਨਾ ਹੋਣ ਕਰਕੇ ਇਹਨੂੰ ਬਹੁਤ ਤੰਗ ਕੀਤਾ...... ਇਹਦੇ ਜਦ ਪੰਜ ਸਾਲ ਜਵਾਕ ਨਾ ਹੋਇਆ ਤਾਂ....... ਸਾਡੀ ਚਾਚੀ ਨੇ ਇਹਦੀ ਸੌਂਕਣ ਲਿਆ ਕੇ ਇਹਦੀ ਹਿੱਕ ਤੇ ਬਿਠਾਤੀ ...... ਪਰ ਇਹ ਪਤਾ ਨੀ ਕਿਹੜੀ ਮਿੱਟੀ ਦੀ ਬਣੀ ਹੋਈ ਸੀ..... ਇਹ ਭੋਰਾ ਨਾ ਡੋਲੀ..... ਬਥੇਰਾ ਇਹਦੇ ਭਰਾਵਾਂ ਨੇ ਜ਼ੋਰ ਲਾਇਆ...... ਕਿ ਇਹਨਾਂ ਨੂੰ ਛੱਡ ਕੇ ਉਹਨਾਂ ਕੋਲ ਚਲੀ ਜਾਵੇ ਪਰ ਨਾ...... ਇਹ ਨਾ ਮੰਨੀ...... ਨਾ ਇਹਨੇ ਘਰ ਚ ਕਲੇਸ਼ ਕੀਤਾ..... ਘਰ ਦੀ ਕੁੜੀ ਵਾਂਗ ਈ ਘਰ ਚ ਰਹਿੰਦੀ ਰਹੀ..... ਫੇਰ ਦੂਜੀ ਨੂੰ ਆਈ ਨੂੰ ਵੀ ਪੰਜ ਛੇ ਸਾਲ ਹੋਗੇ..... ਓਹਦੇ ਵੀ ਨਾ ਕੋਈ ਜਵਾਕ ਹੋਇਆ...... ਚਾਚੀ ਨੇ ਓਹਨੂੰ ਵੀ ਤੰਗ ਕਰਨਾ ਸ਼ੁਰੂ ਕਰਤਾ.......।" ਸੁਰਿੰਦਰ ਦੀ ਸੱਸ ਰਾਮ ਕੌਰ ਦੀ ਜਵਾਨੀ ਵੇਲੇ ਦੀ ਗੱਲ ਸੁਣਾਉਂਦੇ ਹੋਏ ਉਸ ਨੂੰ ਦੱਸਦੀ ਹੈ।

"ਪਰ..... ਬੀਜੀ..... ਇਹਨਾਂ ਦਾ ਆਹ ਕਿੰਨਾ ਸੋਹਣਾ ਪਰਿਵਾਰ ਤਾਂ ਹੈ ..... ਨਾ਼ਲੇ ਦੂਜੀ ਤਾਈ ਕਿੱਥੇ ਆ....?" ਸੁਰਿੰਦਰ ਵਿੱਚੋਂ ਟੋਕ ਕੇ ਬੋਲੀ।

"ਇਹ ਵੀ ਦੱਸਦੀ ਆਂ...... ਜਦ ਚਾਚੀ ਨੇ ਓਹਨੂੰ ਕੁੱਤੇ ਲਾਉਣੇ ਸ਼ੁਰੂ ਕੀਤੇ ਤਾਂ ਉਹ ਤਲਾਕ ਦੇ ਕੇ ਆਪਣੇ ਹਿੱਸੇ ਦੀ ਜ਼ਮੀਨ ਲੈ ਕੇ ਇਹਨਾਂ ਨੂੰ ਛੱਡ ਕੇ ਭੱਜ ਗਈ....। ਜ਼ਮੀਨ ਤਾਂ ਇਹਨਾਂ ਕੋਲ ਪਹਿਲਾਂ ਈ ਢਾਈ ਕੁ ਕੀਲੇ ਸੀ..... ਅੱਧੀ ਓਹਨੂੰ ਦੇ ਕੇ..... ਪਿੱਛੇ ਰਹਿ ਗਿਆ ਸਵਾ ਕੀਲਾ...... ਸਵਾ ਕੀਲੇ ਦੀ ਖੇਤੀ ਚੋਂ ਕੀ ਕਮਾਈ ਹੋਣੀ ਆ..... ਕਈ ਵਾਰ ਮੈਂ ਇਹਨਾਂ ਨੂੰ ਰੋਟੀ ਲੂਣ ਨਾ਼ਲ ਖਾਂਦਿਆਂ ਆਪ ਅੱਖੀਂ ਦੇਖਿਆ...... ਪਰ ਕਦੇ ਹਾਲ ਪੁੱਛਣਾ ਤਾਂ ਰਾਮ ਕੌਰ ਨੇ ਕਹਿਣਾ,'ਓਹਦਾ ਦਿੱਤਾ ਸਭ ਕੁਛ ਆ...... ਭੜੋਲੇ ਭਰੇ ਪਏ ਆ.....।' ਸੁਥਰੀ ਐਨੀ ਕਿ ਮਜ਼ਾਲ ਐ ਕਿ ਕਦੇ ਅਸੀਂ ਇਹਦੇ ਘਰ ਚ ਗੰਦ ਪਿਆ ਦੇਖਿਆ ਹੋਏ...... ਜਾਂ ਇਹਦੇ ਮੈਲਾ ਕੱਪੜਾ ਪਾਇਆ ਦੇਖਿਆ ਹੋਵੇ......।"

"ਤਾਈ ਜੀ ਦੇ ਤਾਂ ਹੁਣ ਵੀ ਕਦੇ ਮੈਲਾ ਕੱਪੜਾ ਨੀ ਪਾਇਆ ਦੇਖਿਆ..... ਤਾਂ ਹੀ ਤਾਂ ਐਨੇ ਪ੍ਰਭਾਵਸ਼ਾਲੀ ਲੱਗਦੇ ਨੇ....!" ਸੁਰਿੰਦਰ ਬੋਲੀ।

"....... ਓਧਰ ਸਾਡੀ ਚਾਚੀ ,ਦੂਜੀ ਨੂੰਹ ਦੇ ਜ਼ਮੀਨ ਲਿਜਾਣ ਦੇ ਵਿਜੋਗ ਵਿੱਚ ਚੜ੍ਹਾਈ ਕਰ ਗਈ। ਉਸ ਤੋਂ ਕੁਝ ਸਮਾਂ ਬਾਅਦ ਰਾਮ ਕੌਰ ਦਾ ਆਦਮੀ ਵੀ ਬੀਮਾਰ ਰਹਿਣ ਲੱਗਿਆ..... ਤੇ ਉਹ ਵੀ ਚੜ੍ਹਾਈ ਕਰ ਗਿਆ...... ਰਾਮ ਕੌਰ ਦੇ ਪੇਕਿਆਂ ਨੇ ਜ਼ੋਰ ਲਾਇਆ ਕਿ ਇੱਥੋਂ ਜ਼ਮੀਨ ਵੇਚ ਕੇ ਉਹਨਾਂ ਕੋਲ ਰਹਿਣ ਲੱਗ ਪਏ ,ਹੁਣ ਐਥੇ ਰਹਿਣ ਨੂੰ ਪਿੱਛੇ ਕੀ ਬਚਿਆ..... ਪਰ ਇਹ ਨਾ ਮੰਨੀ..... ਇਹਨੇ ਆਪਣੀ ਛੋਟੀ ਭਰਜਾਈ ਦਾ ਮੁੰਡਾ ਗੋਦ ਲੈ ਕੇ ਇੱਥੇ ਈ ਆਪਣੀ ਜ਼ਿੰਦਗੀ ਕੱਟੀ..... ਮੁੰਡੇ ਨੂੰ ਪਾਲਿਆ,ਪੜ੍ਹਾਇਆ...... ਮੁੰਡਾ ਨੌਕਰੀ ਤੇ ਲੱਗ ਗਿਆ..... ਉਹਦੇ ਨਾ਼ਲ ਦੇ ਅਫਸਰ ਨੇ ਈ ਆਪਣੀ ਕੁੜੀ ਦਾ ਰਿਸ਼ਤਾ ਕਰ ਦਿੱਤਾ....... ਉਸ ਦਾ ਵਿਆਹ ਹੋ ਗਿਆ....... ।"

ਸੁਰਿੰਦਰ ਨੇ ਸੱਸ ਦੀ ਗੱਲ ਵਿੱਚੋਂ ਈ ਕੱਟ ਕੇ ਆਖਿਆ ,"ਵੇਖ ਲਓ ਬੀਜੀ....... ਇਹਨਾਂ ਨੂੰ ਦੇਖ਼ ਕੇ ਜਮ੍ਹਾਂ ਨੀ ਲੱਗਦਾ ਕਿ ਇਹਨਾਂ ਨੇ ਵੀ ਕਦੇ ਕੋਈ ਔਖਾ ਸਮਾਂ ਵੇਖਿਆ ਹੋਊ.....!"

" ਹੋਰ ਕੀ..... ਨਾ ਮੈਂ ਇਹਦੇ ਮੂੰਹੋਂ ਕਦੇ ਵੀ ਕਿਸੇ ਦੀ ਚੁਗਲੀ ਸੁਣੀ ਆ.... ਨਾ ਕਿਸੇ ਦੀ ਨਿੰਦਿਆ...... ਨਾ ਕਿਸੇ ਨੂੰ ਦੇਖ਼ ਦੇਖ਼ ਕੇ ਝੂਰਦੇ ਸੀ ਤੇ ਨਾ ਹੀ ਮਰੂੰ ਮਰੂੰ ਕਰਦੇ ਸੀ..... ਹਰ ਵੇਲੇ ਇੱਕੋ ਗੱਲ " ਓਹਦਾ ਦਿੱਤਾ ਸਭ ਕੁਝ ਹੈ" ਆਖ ਕੇ ਦੋਵੇਂ ਹੱਥ ਜੋੜ ਕੇ ਉਸ ਦਾ ਸ਼ੁਕਰਾਨਾ ਕਰਦੇ ਈ ਸੁਣਿਆ..... ਤਾਂ ਹੀ ਤਾਂ ਤਾਈ ਕੋਲ ਕੁਝ ਨਾ ਹੁੰਦੇ ਹੋਏ ਵੀ "ਸਭ ਕੁਝ" ਦੇ ਕੇ ਰੱਬ ਨੇ ਝੋਲੀਆਂ ਭਰ ਦਿੱਤੀਆਂ.....ਤੇ ਹੁਣ ਪਿੰਡ ਵਿੱਚ ਲੋਕ ਆਪਣੀਆਂ ਨੂੰਹਾਂ ਧੀਆਂ ਨੂੰ ਤਾਈ ਦੇ ਸਬਰ ਸਿਦਕ ਦੀਆਂ ਉਦਾਹਰਨਾਂ ਦੇ ਕੇ ਸਮਝਾਉਂਦੇ ਨੇ..... !"

ਸੁਰਿੰਦਰ ਪਹਿਲਾਂ ਤਾਂ ਬਜ਼ੁਰਗ ਹੋਣ ਦੇ ਨਾਤੇ ਹੀ ਤਾਈ ਦੀ ਬਹੁਤ ਇੱਜ਼ਤ ਕਰਦੀ ਸੀ ਪਰ ਹੁਣ ਉਸ ਦੀ ਜ਼ਿੰਦਗੀ ਦੀ ਕਹਾਣੀ ਸੁਣ ਕੇ ਹੋਰ ਕਈ ਗੁਣਾਂ ਵੱਧ ਸਤਿਕਾਰ ਦੇਣ ਲੱਗੀ ਤੇ ਤਾਈ ਦੀਆਂ ਕਈ ਗੱਲਾਂ ਆਪਣੇ ਲੜ ਨਾਲ ਵੀ ਬੰਨ੍ਹ ਲਈਆਂ ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA

Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348


Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# MANI GREWAL

STANISLAUS COUNTY | DISTRICT 4

**SUPERVISOR**

ਸਤ ਸ਼੍ਰੀ ਅਕਾਲ ਜੀ

**Stanislaus County Supervisor District-4**

ਦੀ ਸੀਟ ਵਾਸਤੇ 2026 ਲਈ ਮਨੀ ਗਰੇਵਾਲ ਦੋਬਾਰਾ ਚੋਣ ਲੜਨ ਲਈ ਖੜੇ ਹੋਣ ਜਾ ਰਹੇ ਹਨ ਮਨੀ ਗਰੇਵਾਲ ਨੇ ਦਸੰਬਰ 2020 ਵਿੱਚ County Supervisor ਦਾ ਅਹੁਦਾ ਸੰਭਾਲਿਆ ਸੀ ਅਤੇ ਦੋਬਾਰਾ ਲੋਕਾਂ ਵਲੋਂ ਚੁਣ ਕੇ 2023 ਵਿੱਚ ਫਿਰ ਇਕ ਵਾਰ ਇਸ ਅਹੁਦੇ ਤੇ ਬਰਕਾਰ ਰਹੇ



4 ਸਾਲ ਦੀ ਟਰਮ ਪੂਰੀ ਹੋਣ ਤੇ 2026 ਦੇ ਜੂਨ ਮਹੀਨੇ ਦੀਆਂ ਪ੍ਰਾਇਮਰੀ ਚੋਣਾਂ ਲਈ ਓਸੇ ਹੀ District-4 ਤੋਂ ਦੋਬਾਰਾ ਮਨੀ ਗਰੇਵਾਲ ਚੋਣ ਲੜਨ ਲਈ ਖੜੇ ਹੋ ਰਹੇ ਹਨ।

ਪਿਛਲੇ 5 ਸਾਲਾਂ ਵਿੱਚ ਮਨੀ ਗਰੇਵਾਲ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਆਪਣੇ District ਦੇ ਲੋਕਾਂ ਦੀ ਸੇਵਾ ਕੀਤੀ ਹੈ

ਕਈ ਅਹਿਮ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਿਆ ਅਤੇ ਹੁਣ ਵੀ ਕਈ ਨਵੇਂ ਪ੍ਰੋਜੈਕਟਾਂ ਦੇ ਉੱਤੇ ਕੰਮ ਕਰ ਰਹੇ ਹਨ ਤਾਂ ਕਿ Stanislaus County Supervisor District-4 ਦੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ ਅਤੇ ਉਹਨਾਂ ਨੂੰ ਨਵੀਆਂ-ਨਵੀਆਂ ਸਹੂਲਤਾਂ ਦਿੱਤੀਆਂ ਜਾ ਸਕਣ।

ਮਨੀ ਗਰੇਵਾਲ ਇਕ ਵਧੀਆ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਮਨੀ ਗਰੇਵਾਲ ਨੇ Business Administration ਵਿੱਚ Bachelor of Science ਦੀ ਡਿਗਰੀ ਹਾਸਿਲ ਕੀਤੀ ਹੋਈ ਹੈ




ਇਸ ਤੋਂ ਵਧੀਆ ਉਮੀਦਵਾਰ ਤੁਹਾਡੇ District 4 ਲਈ ਕੋਈ ਹੋਰ ਨਹੀਂ ਹੋ ਸਕਦਾ

**ਮਨੀ ਗਰੇਵਾਲ ਵਲੋਂ ਸਾਰੇ ਭੈਣਾਂ-ਭਰਾਵਾਂ, ਬਜ਼ੁਰਗਾਂ-ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਅਤੇ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ VOTE ਅਤੇ SUPORT ਮੈਨੂੰ ਦਿਓ**

**ਸਤ ਸ਼੍ਰੀ ਅਕਾਲ ਜੀ**

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5
With Installation
Singh: 510-766-9382



11R22.5
With Installation
Singh: 510-766-9382

Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਦਿਲ ਦਾ ਪੇਸਮੇਕਰ



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

ਦਿਲ ਦਾ ਪੇਸਮੇਕਰ ਇੱਕ ਛੋਟਾ ਮੈਡੀਕਲ ਯੰਤਰ ਹੁੰਦਾ ਹੈ ਜੋ ਦਿਲ ਦੀ ਅਸਧਾਰਣ ਧੜਕਣ ਨੂੰ ਨਿਯੰਤਰਿਤ ਕਰਨ ਵਿੱਚ ਮਦਦ ਕਰਦਾ ਹੈ। ਇਹ ਦਿਲ ਦੀ ਮਾਂਸਪੇਸ਼ੀਆਂ ਨੂੰ ਬਿਜਲਈ ਸੰਕੇਤ ਭੇਜਦਾ ਹੈ ਤਾਂ ਜੋ ਦਿਲ ਨਿਯਮਿਤ ਅਤੇ ਸਥਿਰ ਗਤੀ ਨਾਲ ਧੜਕਦਾ ਰਹੇ। ਪੇਸਮੇਕਰ ਜ਼ਿਆਦਾਤਰ ਉਹਨਾਂ ਮਰੀਜ਼ਾਂ ਵਿੱਚ ਵਰਤਿਆ ਜਾਂਦਾ ਹੈ ਜਦੋਂ ਦਿਲ ਦੀ ਧੜਕਣ ਬਹੁਤ ਹੌਲੀ ਜਾਂ ਅਨਿਯਮਿਤ ਹੋ ਜਾਵੇ। ਇਹ ਹੋਰ ਧੜਕਣ ਸੰਬੰਧੀ ਸਮੱਸਿਆਵਾਂ ਵਿੱਚ ਵੀ ਲਾਭਦਾਇਕ ਹੁੰਦਾ ਹੈ।

ਰਚਨਾ ਅਤੇ ਬਣਤਰ

ਪੇਸਮੇਕਰ ਤਿੰਨ ਮੁੱਖ ਹਿੱਸਿਆਂ ਤੋਂ ਬਣਿਆ ਹੁੰਦਾ ਹੈ:

ਪਲਸ ਜਨਰੇਟਰ

ਇਹ ਪੇਸਮੇਕਰ ਦਾ ਮੁੱਖ ਹਿੱਸਾ ਹੁੰਦਾ ਹੈ। ਇਸ ਵਿੱਚ ਬੈਟਰੀ ਅਤੇ ਇੱਕ ਛੋਟਾ ਕੰਪਿਊਟਰ ਸਰਕਿਟ ਹੁੰਦੀ ਹੈ। ਬੈਟਰੀ ਆਮ ਤੌਰ 'ਤੇ 5 ਤੋਂ 15 ਸਾਲ ਤੱਕ ਚੱਲਦੀ ਹੈ।

ਲੀਡਜ਼ (ਤਾਰਾਂ)

ਇਹ ਲਚਕੀਲੀਆਂ ਅਤੇ ਇਨਸੂਲੇਟ ਕੀਤੀਆਂ ਤਾਰਾਂ ਹੁੰਦੀਆਂ ਹਨ ਜੋ ਪੇਸਮੇਕਰ ਨੂੰ ਦਿਲ ਨਾਲ ਜੋੜਦੀਆਂ ਹਨ। ਇਹ ਤਾਰਾਂ ਬਿਜਲੀ ਸੰਕੇਤ ਦਿਲ ਤੱਕ ਪਹੁੰਚਾਉਂਦੀਆਂ ਹਨ ਅਤੇ ਵਾਪਸ ਜਾਣਕਾਰੀ ਵੀ ਭੇਜਦੀਆਂ ਹਨ।

ਇਲੈਕਟ੍ਰੋਡਜ਼

ਇਹ ਲੀਡਜ਼ ਦੇ ਅੰਤ ਵਿੱਚ ਹੁੰਦੇ ਹਨ ਅਤੇ ਸਿੱਧੇ ਦਿਲ ਦੀ ਮਾਂਸਪੇਸ਼ੀਆਂ ਨੂੰ ਬਿਜਲਈ ਸੰਕੇਤ ਦਿੰਦੇ ਹਨ।

ਸਰੀਰ ਵਿੱਚ ਲਗਾਉਣ ਦੀ ਪ੍ਰਕਿਰਿਆ

ਪੇਸਮੇਕਰ ਆਮ ਤੌਰ 'ਤੇ ਕਾਲਰਬੋਨ ਦੇ ਨੇੜੇ ਚਮੜੀ ਹੇਠ ਲਗਾਇਆ ਜਾਂਦਾ ਹੈ। ਲੀਡਜ਼ ਨੂੰ ਖ਼ੂਨ ਦੀਆਂ ਨਸਾਂ ਰਾਹੀਂ ਦਿਲ ਦੇ ਖਾਨਿਆਂ ਵਿੱਚ ਪਹੁੰਚਾਇਆ ਜਾਂਦਾ ਹੈ।

ਪੇਸਮੇਕਰ ਕਿਵੇਂ ਕੰਮ ਕਰਦਾ ਹੈ?

ਪੇਸਮੇਕਰ ਲਗਾਤਾਰ ਦਿਲ ਦੀ ਕੁਦਰਤੀ ਧੜਕਣ ਦੀ ਨਿਗਰਾਨੀ ਕਰਦਾ ਹੈ। ਜੇ ਦਿਲ ਸਧਾਰਣ ਤਰੀਕੇ ਨਾਲ ਧੜਕਦਾ ਹੈ ਤਾਂ ਪੇਸਮੇਕਰ ਨਿਸ਼ਕ੍ਰਿਆ ਰਹਿੰਦਾ ਹੈ। ਜੇ ਦਿਲ ਹੌਲੀ ਜਾਂ ਅਨਿਯਮਿਤ ਧੜਕਦਾ ਹੈ ਤਾਂ ਇਹ ਤੁਰੰਤ ਬਿਜਲਈ ਸੰਕੇਤ ਭੇਜ ਕੇ ਉਸਨੂੰ ਠੀਕ ਕਰਦਾ ਹੈ।

ਕੰਮ ਕਰਨ ਦਾ ਤਰੀਕਾ

ਇਹ ਯੰਤਰ ਦਿਲ ਦੀ ਗਤੀ ਨੂੰ ਮਹਿਸੂਸ ਕਰਦਾ ਹੈ ਅਤੇ ਫੈਸਲਾ ਕਰਦਾ ਹੈ ਕਿ ਸੰਕੇਤ ਭੇਜਣ ਦੀ ਲੋੜ ਹੈ ਜਾਂ ਨਹੀਂ।

ਜੇ ਲੋੜ ਹੋਵੇ ਤਾਂ ਇਹ ਇੱਕ ਛੋਟਾ ਬਿਜਲਈ ਸੰਕੇਤ ਭੇਜਦਾ ਹੈ ਅਤੇ ਦਿਲ ਸਧਾਰਣ ਤਰੀਕੇ ਨਾਲ ਸੰਕੁਚਿਤ ਹੋ ਜਾਂਦਾ ਹੈ। ਇਹ ਪ੍ਰਕਿਰਿਆ ਮਿਲੀਸੈਕੰਡਾਂ ਵਿੱਚ ਆਪਣੇ ਆਪ ਹੋ ਜਾਂਦੀ ਹੈ।

ਪੇਸਮੇਕਰ ਦੀਆਂ ਕਿਸਮਾਂ

ਸਿੰਗਲ-ਚੈਂਬਰ ਪੇਸਮੇਕਰ

ਇਹ ਦਿਲ ਦੇ ਇੱਕ ਖਾਨੇ (ਆਮ ਤੌਰ 'ਤੇ ਸੱਜੇ ਵੈਂਟ੍ਰਿਕਲ) ਨੂੰ ਨਿਯੰਤਰਿਤ ਕਰਦਾ ਹੈ।

ਡੁਅਲ-ਚੈਂਬਰ ਪੇਸਮੇਕਰ

ਇਹ ਸੱਜੇ ਐਟਰੀਅਮ ਅਤੇ ਸੱਜੇ ਵੈਂਟ੍ਰਿਕਲ ਦੋਵਾਂ ਨੂੰ ਨਿਯੰਤਰਿਤ ਕਰਦਾ ਹੈ ਅਤੇ ਦਿਲ ਦੀ ਕੁਦਰਤੀ ਧੜਕਣ ਨੂੰ ਸੁਚੱਜੇ ਤਰੀਕੇ ਨਾਲ ਨਿਯੰਤ੍ਰਿਤ ਕਰਦਾ ਹੈ।

ਬਾਈਵੈਂਟ੍ਰਿਕੁਲਰ ਪੇਸਮੇਕਰ

ਇਹ ਦਿਲ ਦੇ ਨਾਕਾਮੀ ਵਾਲੇ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ। ਇਹ ਦੋਵਾਂ ਵੈਂਟ੍ਰਿਕਲਾਂ ਨੂੰ ਇਕੱਠੇ ਧੜਕਣ ਵਿੱਚ ਮਦਦ ਕਰਦਾ ਹੈ।

ਦਿਲ ਦੀ ਸਿਹਤ ਲਈ ਲਾਭ

ਪੇਸਮੇਕਰ ਨੇ ਦਿਲ ਦੀ ਧੜਕਣ ਦੀਆਂ ਸਮੱਸਿਆਵਾਂ ਵਾਲੇ ਮਰੀਜ਼ਾਂ ਦੀ ਜ਼ਿੰਦਗੀ ਵਿੱਚ ਵੱਡਾ ਸੁਧਾਰ ਕੀਤਾ ਹੈ।

ਮੁੱਖ ਲਾਭ:

ਦਿਲ ਦੀ ਸਧਾਰਣ ਧੜਕਣ ਨੂੰ ਬਹਾਲ ਕਰਦਾ ਹੈ। ਬੇਹੋਸ਼ੀ ਅਤੇ ਚੱਕਰ ਆਉਣ ਤੋਂ ਬਚਾਉਂਦਾ ਹੈ। ਖ਼ੂਨ ਦੀ ਗਤੀ ਨੂੰ ਸੁਧਾਰਦਾ ਹੈ। ਸਰੀਰਕ ਤਾਕਤ ਅਤੇ ਸਰਗਰਮੀ ਵਧਾਉਂਦਾ ਹੈ। ਦਿਲ ਦੀ ਨਾਕਾਮੀ ਦੇ ਖ਼ਤਰੇ ਨੂੰ ਘਟਾਉਂਦਾ ਹੈ। ਜੀਵਨ ਦੀ ਉਮਰ ਅਤੇ ਗੁਣਵੱਤਾ ਵਿੱਚ ਵਾਧਾ ਕਰਦਾ ਹੈ। ਕਈ ਮਰੀਜ਼ਾਂ ਲਈ, ਪੇਸਮੇਕਰ ਇੱਕ ਸਧਾਰਣ ਅਤੇ ਸਰਗਰਮ ਜੀਵਨ ਵਾਪਸ ਪ੍ਰਾਪਤ ਕਰਨ ਵਿੱਚ ਮਦਦਗਾਰ ਹੁੰਦਾ ਹੈ।

ਖ਼ਤਰੇ ਅਤੇ ਸੀਮਾਵਾਂ

ਹਾਲਾਂਕਿ ਪੇਸਮੇਕਰ ਆਮ ਤੌਰ 'ਤੇ ਸੁਰੱਖਿਅਤ ਹੁੰਦੇ ਹਨ, ਪਰ ਕੁਝ ਛੋਟੇ ਖਤਰੇ ਹੋ ਸਕਦੇ ਹਨ ਜਿਵੇਂ ਕਿ ਇੰਫੈਕਸ਼ਨ, ਸੋਜ਼ਿਸ਼, ਅਤੇ ਕੁਝ ਸਾਲਾਂ ਬਾਅਦ ਬੈਟਰੀ ਬਦਲਣ ਦੀ ਲੋੜ। ਕਈ ਵਾਰ ਮਜ਼ਬੂਤ ਇਲੈਕਟ੍ਰੋਮੈਗਨੇਟਿਕ ਫੀਲਡ ਨਾਲ ਦਖਲਅੰਦਾਜ਼ੀ ਵੀ ਹੋ ਸਕਦੀ ਹੈ। ਫਿਰ ਵੀ, ਆਧੁਨਿਕ ਪੇਸਮੇਕਰ ਬਹੁਤ ਭਰੋਸੇਯੋਗ ਅਤੇ ਸੁਰੱਖਿਅਤ ਹਨ।

ਪੇਸਮੇਕਰ ਤਕਨੀਕ ਦਾ ਭਵਿੱਖ

ਪੇਸਮੇਕਰ ਦੀ ਤਕਨੀਕ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ:

ਲੀਡਲੈਸ ਪੇਸਮੇਕਰ

ਇਹ ਬਹੁਤ ਛੋਟੇ ਹੁੰਦੇ ਹਨ ਅਤੇ ਸਿੱਧੇ ਦਿਲ ਵਿੱਚ ਲਗਾਏ ਜਾਂਦੇ ਹਨ, ਇਸ ਵਿੱਚ ਤਾਰਾਂ ਦੀ ਲੋੜ ਨਹੀਂ ਹੁੰਦੀ।

ਵਾਇਰਲੈਸ ਅਤੇ ਸਮਾਰਟ ਪੇਸਮੇਕਰ

ਇਹ ਮੋਬਾਈਲ ਐਪਸ ਰਾਹੀਂ ਡਾਕਟਰਾਂ ਨਾਲ ਜੁੜ ਸਕਦੇ ਹਨ ਅਤੇ ਦਿਲ ਦੀ ਸਿਹਤ ਦੀ ਰੀਅਲ-ਟਾਈਮ ਨਿਗਰਾਨੀ ਕਰ ਸਕਦੇ ਹਨ।

ਏ ਆਈ-ਸਮਰਥਿਤ ਪੇਸਮੇਕਰ

ਇਹ ਆਰਟੀਫ਼ੀਸ਼ਲ ਇੰਟੈਲੀਜੈਂਸ ਦੀ ਮਦਦ ਨਾਲ ਮਰੀਜ਼ ਦੀ ਗਤੀਵਿਧੀ ਅਤੇ ਸਿਹਤ ਦੇ ਅਨੁਸਾਰ ਆਪਣੇ ਆਪ ਸੈਟ ਹੋ ਜਾਂਦੇ ਹਨ।

ਬਾਇਲੋਜਿਕਲ ਪੇਸਮੇਕਰ

ਵਿਗਿਆਨੀ ਜਿਨਸ ਅਧਾਰਿਤ ਹੱਲ ਖੋਜ ਰਹੇ ਹਨ ਜੋ ਕੁਦਰਤੀ ਤਰੀਕੇ ਨਾਲ ਦਿਲ ਦੀ ਧੜਕਣ ਨੂੰ ਠੀਕ ਕਰ ਸਕਣ।

ਕੀ ਪੇਸਮੇਕਰ ਪੋਰਟੇਬਲ ਬਣ ਸਕਦੇ ਹਨ?

ਮੌਜੂਦਾ ਹਾਲਤ ਵਿੱਚ ਪੇਸਮੇਕਰ ਬਾਹਰੀ ਪੋਰਟੇਬਲ ਯੰਤਰ ਨਹੀਂ ਹੋ ਸਕਦੇ ਕਿਉਂਕਿ ਇਹਨਾਂ ਨੂੰ ਤੁਰੰਤ ਦਿਲ ਦੇ ਅੰਦਰ ਕੰਮ ਕਰਨਾ ਹੁੰਦਾ ਹੈ। ਹਸਪਤਾਲਾਂ ਵਿੱਚ ਬਾਹਰੀ ਪੇਸਮੇਕਰ ਮੌਜੂਦ ਹਨ, ਪਰ ਉਹ ਅਸਥਾਈ ਵਰਤੋਂ ਲਈ ਹੁੰਦੇ ਹਨ।

ਭਵਿੱਖ ਦੀਆਂ ਸੰਭਾਵਨਾਵਾਂ

ਵੇਅਰੇਬਲ ਸਹਾਇਕ ਯੰਤਰ (ਸਮਾਰਟਵਾਚ ਨਾਲ ਜੋੜੇ ਹੋਏ)

ਬਹੁਤ ਛੋਟੇ ਇੰਪਲਾਂਟ ਜੋ ਲਗਭਗ ਅਦ੍ਰਿਸ਼ ਹੋਣ।

ਸਰੀਰ ਦੀ ਗਤੀ ਜਾਂ ਦਿਲ ਦੀ ਧੜਕਣ ਨਾਲ ਚੱਲਣ ਵਾਲੇ ਪੇਸਮੇਕਰ।

ਪਰ ਪੂਰੀ ਤਰ੍ਹਾਂ ਬਾਹਰੀ ਪੋਰਟੇਬਲ ਪੇਸਮੇਕਰ ਦੇ ਵਿਕਲਪ ਦੀ ਸੰਭਾਵਨਾ ਘੱਟ ਹੈ, ਕਿਉਂਕਿ ਦਿਲ ਨੂੰ ਲਗਾਤਾਰ ਅਤੇ ਤੁਰੰਤ ਨਿਯੰਤਰਣ ਦੀ ਲੋੜ ਹੁੰਦੀ ਹੈ।

ਦਿਲ ਦੇ ਪੇਸਮੇਕਰ ਆਧੁਨਿਕ ਮੈਡੀਕਲ ਵਿਗਿਆਨ ਦੀ ਇੱਕ ਮਹੱਤਵਪੂਰਨ ਖੋਜ ਹਨ। ਇਹ ਦਿਲ ਦੀ ਅਸਧਾਰਣ ਧੜਕਣ ਦਾ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਇਲਾਜ ਪ੍ਰਦਾਨ ਕਰਦੇ ਹਨ ਅਤੇ ਮਰੀਜ਼ਾਂ ਦੀ ਜ਼ਿੰਦਗੀ ਦੀ ਗੁਣਵੱਤਾ ਅਤੇ ਉਮਰ ਵਿੱਚ ਮਹੱਤਵਪੂਰਨ ਵਾਧਾ ਕਰਦੇ ਹਨ।

ਨਵੀਂ ਤਕਨੀਕ ਨਾਲ ਇਹ ਯੰਤਰ ਹੋਰ ਛੋਟੇ, ਸਮਾਰਟ ਅਤੇ ਪ੍ਰਭਾਵਸ਼ਾਲੀ ਬਣ ਰਹੇ ਹਨ, ਜੋ ਦਿਲ ਦੀ ਸਿਹਤ ਦੇ ਭਵਿੱਖ ਨੂੰ ਨਵੀਂ ਦਿਸ਼ਾ ਦੇ ਰਹੇ ਹਨ।







Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com





ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

### ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GLG
GHUMAN LAW GROUP
GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਐਸਟੀਈਐਮ ਵਿੱਚ ਔਰਤਾਂ: ਤਰੱਕੀ, ਨੀਤੀਆਂ ਅਤੇ ਲਗਾਤਾਰ ਚੁਣੌਤੀਆਂ

21ਵੀਂ ਸਦੀ ਵਿੱਚ, ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ( ਐਸਟੀਈਐਮ) ਆਰਥਿਕ ਵਿਕਾਸ ਅਤੇ ਨਵੀਨਤਾ ਦੀ ਰੀੜ੍ਹ ਦੀ ਹੱਡੀ ਬਣ ਗਏ ਹਨ। ਇਨ੍ਹਾਂ ਖੇਤਰਾਂ ਵਿੱਚ ਔਰਤਾਂ ਦੀ ਭਾਗੀਦਾਰੀ ਨਾ ਸਿਰਫ਼ ਲਿੰਗ ਸਮਾਨਤਾ ਦਾ ਮਾਮਲਾ ਹੈ, ਸਗੋਂ ਟਿਕਾਊ ਵਿਕਾਸ ਲਈ ਵੀ ਜ਼ਰੂਰੀ ਹੈ। ਹਾਲਾਂਕਿ ਵਿਸ਼ਵ ਪੱਧਰ 'ਤੇ ਅਤੇ ਭਾਰਤ ਵਿੱਚ ਤਰੱਕੀ ਕੀਤੀ ਗਈ ਹੈ, ਮਹੱਤਵਪੂਰਨ ਪਾੜੇ ਅਜੇ ਵੀ ਬਣੇ ਹਨ।

ਐਸਟੀਈਐਮ ਵਿੱਚ ਔਰਤਾਂ ਦੀ ਸਥਿਤੀ

ਅੱਜ ਔਰਤਾਂ ਐਸਟੀਈਐਮ ਸਿੱਖਿਆ ਵਿੱਚ ਤੇਜ਼ੀ ਨਾਲ ਦਾਖਲ ਹੋ ਰਹੀਆਂ ਹਨ। ਭਾਰਤ ਵਿੱਚ, ਉੱਚ ਸਿੱਖਿਆ ਵਿੱਚ ਐਸਟੀਈਐਮ ਦਾਖਲਾ ਲੈਣ ਵਾਲੇ ਲਗਭਗ 43% ਔਰਤਾਂ ਹਨ, ਜੋ ਕਿ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਸ਼ੇਅਰਾਂ ਵਿੱਚੋਂ ਇੱਕ ਹੈ। ਹਾਲਾਂਕਿ, ਇਹ ਸ਼ਾਨਦਾਰ ਅੰਕੜਾ ਇੱਕ ਡੂੰਘੇ ਮੁੱਦੇ ਨੂੰ ਛੁਪਾਉਂਦਾ ਹੈ ਆਰਡਡੀ ਵਿੱਚ ਐਸਟੀਈਐਮ ਪੇਸ਼ੇਵਰਾਂ ਵਿੱਚੋਂ ਸਿਰਫ਼ 18.6% ਔਰਤਾਂ ਹਨ।

ਵਿਸ਼ਵ ਪੱਧਰ 'ਤੇ, ਔਰਤਾਂ ਐਸਟੀਈਐਮ ਗਰੈਜੂਏਟਾਂ ਵਿੱਚੋਂ ਸਿਰਫ਼ 35% ਬਣਦੀਆਂ ਹਨ, ਇਹ ਗਿਣਤੀ ਸਾਲਾਂ ਤੋਂ ਸਥਿਰ ਰਹੀ ਹੈ।

ਇਹ ਇੱਕ ਨਾਜ਼ੁਕ ਮੁੱਦੇ ਨੂੰ ਉਜਾਗਰ ਕਰਦਾ ਹੈ ਜਿਸਨੂੰ ਅਕਸਰ "ਲੀਕ ਪਾਈਪਲਾਈਨ" ਕਿਹਾ ਜਾਂਦਾ ਹੈ, ਜਿੱਥੇ ਔਰਤਾਂ ਐਸਟੀਈਐਮ ਸਿੱਖਿਆ ਵਿੱਚ ਦਾਖਲ ਹੁੰਦੀਆਂ ਹਨ ਪਰ ਲੀਡਰਸ਼ਿਪ ਜਾਂ ਖੋਜ ਅਹੁਦਿਆਂ 'ਤੇ ਪਹੁੰਚਣ ਤੋਂ ਪਹਿਲਾਂ ਹੌਲੀ-ਹੌਲੀ ਛੱਡ ਦਿੰਦੀਆਂ ਹਨ।

ਐਸਟੀਈਐਮ ਵਿੱਚ ਔਰਤਾਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਪਹਿਲਕਦਮੀਆਂ

ਐਸਟੀਈਐਮ ਵਿੱਚ ਔਰਤਾਂ ਦੀ ਮਹੱਤਤਾ ਨੂੰ ਪਛਾਣਦੇ ਹੋਏ, ਸਰਕਾਰਾਂ ਖਾਸ ਤੌਰ 'ਤੇ ਭਾਰਤ ਵਿੱਚ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ

ਰਾਸ਼ਟਰੀ ਸਿੱਖਿਆ ਨੀਤੀ (ਐਨਪੀਈ) 2020: ਕੁੜੀਆਂ ਨੂੰ ਵਿਗਿਆਨ ਅਤੇ ਤਕਨਾਲੋਜੀ ਦਾ ਪਿੱਛਾ ਕਰਨ ਲਈ ਉਤਸ਼ਾਹਿਤ ਕਰਦੇ ਹੋਏ, ਸਮਾਵੇਸ਼ੀ ਅਤੇ ਬਰਾਬਰ ਸਿੱਖਿਆ 'ਤੇ ਧਿਆਨ ਕੇਂਦਰਤ ਕਰਦਾ ਹੈ।

ਕਸਤੂਰਬਾ ਗਾਂਧੀ ਬਲਿਕਾ ਵਿਦਿਆਲਯਾ ਸਕੀਮ: ਐਸਟੀਈਐਮ ਸਿੱਖਿਆ ਤੱਕ ਪਹੁੰਚ ਵਿੱਚ ਸੁਧਾਰ ਕਰਦੇ ਹੋਏ, ਪਛੜੇ ਪਿਛੋਕੜ ਵਾਲੀਆਂ ਕੁੜੀਆਂ ਲਈ ਰਿਹਾਇਸ਼ੀ ਸਕੂਲਿੰਗ ਪ੍ਰਦਾਨ ਕਰਦੀ ਹੈ।

ਬੇਟੀ ਬਚਾਓ, ਬੇਟੀ ਪਧੋ: ਕੁੜੀਆਂ ਦੀ ਸਿੱਖਿਆ ਅਤੇ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਦਾ ਹੈ।

ਵਿੰਗਸ ਸਕਾਲਰਸ਼ਿਪ (ਆਈਆਈਟੀ ਬੰਬੇ): ਵਿੱਤੀ ਰੁਕਾਵਟਾਂ ਨੂੰ ਘਟਾਉਂਦੇ ਹੋਏ, ਐਸਟੀਈਐਮ ਕੋਰਸਾਂ ਵਿੱਚ ਔਰਤਾਂ ਲਈ ਪੂਰੀ ਟਿਊਸ਼ਨ ਸਹਾਇਤਾ ਪ੍ਰਦਾਨ ਕਰਦਾ ਹੈ।

ਇਹਨਾਂ ਪਹਿਲਕਦਮੀਆਂ ਦਾ ਉਦੇਸ਼ ਲਿੰਗ ਪਾੜੇ ਨੂੰ ਪੂਰਾ ਕਰਨਾ, ਪਹੁੰਚ ਨੂੰ ਵਧਾਉਣਾ ਅਤੇ ਔਰਤਾਂ ਲਈ ਐਸਟੀਈਐਮ ਕਰੀਅਰ ਵਿੱਚ ਉੱਤਮ ਹੋਣ ਦੇ ਮੌਕੇ ਪੈਦਾ ਕਰਨਾ ਹੈ।

ਔਰਤਾਂ ਨੂੰ ਸਸ਼ਕਤ ਬਣਾਉਣ ਵਿੱਚ ਸਿੱਖਿਆ ਦੀ ਭੂਮਿਕਾ

ਸਿੱਖਿਆ ਐਸਟੀਈਐਮ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਆਕਾਰ ਦੇਣ ਵਿੱਚ ਇੱਕ ਪਰਿਵਰਤਨਸ਼ੀਲ ਭੂਮਿਕਾ ਨਿਭਾਉਂਦੀ ਹੈ:

ਸ਼ੁਰੂਆਤੀ ਐਕਸਪੋਜ਼ਰ: ਛੋਟੀ ਉਮਰ ਤੋਂ ਹੀ ਕੁੜੀਆਂ ਨੂੰ ਵਿਗਿਆਨ ਅਤੇ ਗਣਿਤ ਨਾਲ ਜੁੜਨ ਲਈ ਉਤਸ਼ਾਹਿਤ ਕਰਨਾ ਆਤਮ-ਵਿਸ਼ਵਾਸ ਅਤੇ ਦਿਲਚਸਪੀ ਪੈਦਾ ਕਰਦਾ ਹੈ।

ਹੁਨਰ ਵਿਕਾਸ: ਗੁਣਵੱਤਾ ਵਾਲੀ। ਐਸਟੀਈਐਮ ਸਿੱਖਿਆ ਔਰਤਾਂ ਨੂੰ ਆਧੁਨਿਕ ਕਰੀਅਰ ਲਈ ਲੋੜੀਂਦੇ ਤਕਨੀਕੀ ਅਤੇ ਸਮੱਸਿਆ-ਹੱਲ ਕਰਨ ਦੇ ਹੁਨਰਾਂ ਨਾਲ ਲੈਸ ਕਰਦੀ ਹੈ।

ਸਲਾਹਕਾਰ ਅਤੇ ਰੋਲ ਮਾਡਲ: ਸਫਲ ਮਹਿਲਾ ਵਿਗਿਆਨੀਆਂ ਅਤੇ ਇੰਜੀਨੀਅਰਾਂ ਦਾ ਸਾਹਮਣਾ ਕਰਨਾ ਨੌਜਵਾਨ ਕੁੜੀਆਂ ਨੂੰ ਇਸੇ ਤਰ੍ਹਾਂ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦਾ ਹੈ।

ਡਿਜੀਟਲ ਸਾਖਰਤਾ: ਏਆਈ ਅਤੇ ਤਕਨਾਲੋਜੀ ਦੇ ਯੁੱਗ ਵਿੱਚ, ਡਿਜੀਟਲ ਟੂਲਸ ਅਤੇ ਸਿਖਲਾਈ ਤੱਕ ਪਹੁੰਚ ਮਹੱਤਵਪੂਰਨ ਹੈ।

ਵਿਦਿਅਕ ਸੰਸਥਾਵਾਂ ਨੂੰ ਸਮਾਵੇਸ਼ੀ ਵਾਤਾਵਰਣ ਪੈਦਾ ਕਰਨਾ ਚਾਹੀਦਾ ਹੈ ਜੋ ਉਤਸੁਕਤਾ, ਰਚਨਾਤਮਕਤਾ ਅਤੇ ਬਰਾਬਰ ਭਾਗੀਦਾਰੀ ਦਾ ਸਮਰਥਨ ਕਰਦਾ ਹੈ।

ਐਸਟੀਈਐਮ ਵਿੱਚ ਔਰਤਾਂ ਦੇ ਸਾਹਮਣੇ ਚੁਣੌਤੀਆਂ

ਤਰੱਕੀ ਦੇ ਬਾਵਜੂਦ, ਔਰਤਾਂ ਨੂੰ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ:

ਸਮਾਜਿਕ ਆਦਰਸ਼ ਅਤੇ ਲਿੰਗ ਸਟੀਰੀਓਟਾਈਪ

ਰਵਾਇਤੀ ਵਿਸ਼ਵਾਸ ਅਕਸਰ ਕੁੜੀਆਂ ਨੂੰ ਤਕਨੀਕੀ ਕਰੀਅਰ ਬਣਾਉਣ ਤੋਂ ਨਿਰਾਸ਼ ਕਰਦੇ ਹਨ, ਉਹਨਾਂ ਨੂੰ ਰਵਾਇਤ ਭੂਮਿਕਾਵਾਂ ਵੱਲ ਲੈ ਜਾਂਦੇ ਹਨ।

ਕੰਮ ਵਾਲੀ ਥਾਂ ਪੱਖਪਾਤ ਅਤੇ ਵਿਤਕਰਾ

ਔਰਤਾਂ ਨੂੰ ਅਕਸਰ ਅਸਮਾਨ ਤਨਖਾਹ, ਸੀਮਤ ਤਰੱਕੀ ਅਤੇ ਲੀਡਰਸ਼ਿਪ ਭੂਮਿਕਾਵਾਂ ਵਿੱਚ ਘੱਟ ਪ੍ਰਤੀਨਿਧਤਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਲੀਕੀ ਪਾਈਪਲਾਈਨ

ਬਹੁਤ ਸਾਰੀਆਂ ਔਰਤਾਂ ਸਹਾਇਤਾ ਦੀ ਘਾਟ, ਪਰਿਵਾਰਕ ਜ਼ਿੰਮੇਵਾਰੀਆਂ, ਜਾਂ ਕਰੀਅਰ ਬ੍ਰੇਕਾਂ ਦੇ ਕਾਰਨ ਐਸਟੀਈਐਮ ਕੈਰੀਅਰ ਨੂੰ ਅੱਧ-ਮਾਰਗ ਛੱਡ ਦਿੰਦੀਆਂ ਹਨ।

ਸਲਾਹ ਅਤੇ ਰੋਲ ਮਾਡਲਾਂ ਦੀ ਘਾਟ

ਮਾਰਗਦਰਸ਼ਨ ਅਤੇ ਨੈੱਟਵਰਕਾਂ ਤੱਕ ਸੀਮਤ ਪਹੁੰਚ ਕਰੀਅਰ ਦੇ ਵਿਕਾਸ ਅਤੇ ਵਿਸ਼ਵਾਸ ਨੂੰ ਪ੍ਰਭਾਵਿਤ ਕਰਦੀ ਹੈ।

ਕੰਮ-ਜੀਵਨ ਸੰਤੁਲਨ ਚੁਣੌਤੀਆਂ

ਨਿੱਜੀ ਜ਼ਿੰਮੇਵਾਰੀਆਂ ਦੇ ਨਾਲ ਪੇਸ਼ੇਵਰ ਮੰਗਾਂ ਨੂੰ ਸੰਤੁਲਿਤ ਕਰਨਾ ਅਕਸਰ ਅਟ੍ਰਿਸ਼ਨ ਵੱਲ ਲੈ ਜਾਂਦਾ ਹੈ।

ਵਿਸ਼ਵਾਸ ਦਾ ਪਾੜਾ

ਅਧਿਐਨ ਦਰਸਾਉਂਦੇ ਹਨ ਕਿ ਔਰਤਾਂ ਅਕਸਰ ਗਣਿਤ ਅਤੇ ਤਕਨੀਕੀ ਖੇਤਰਾਂ ਵਿੱਚ ਆਪਣੀਆਂ ਯੋਗਤਾਵਾਂ ਨੂੰ ਘੱਟ ਸਮਝਦੀਆਂ ਹਨ, ਜਿਸ ਨਾਲ ਦ੍ਰਿੜਤਾ ਪ੍ਰਭਾਵਿਤ ਹੁੰਦੀ ਹੈ।

ਰਾਹ ਅੱਗੇ

ਐਸਟੀਈਐਮ ਵਿੱਚ ਔਰਤਾਂ ਦੀ ਵਧੇਰੇ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ, ਇੱਕ ਬਹੁ-ਪੱਖੀ ਪਹੁੰਚ ਦੀ ਲੋੜ ਹੈ

ਲਿੰਗ-ਸੰਵੇਦਨਸ਼ੀਲ ਪਾਠਕ੍ਰਮ ਨਾਲ ਸਿੱਖਿਆ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ

ਸਲਾਹਕਾਰ ਪ੍ਰੋਗਰਾਮਾਂ ਅਤੇ ਉਦਯੋਗ-ਅਕਾਦਮਿਕ ਸਹਿਯੋਗ ਨੂੰ ਉਤਸ਼ਾਹਿਤ ਕਰਨਾ

ਲਚਕਦਾਰ ਕੰਮ ਦੇ ਵਾਤਾਵਰਣ ਅਤੇ ਮੁੜ-ਪ੍ਰਵੇਸ਼ ਦੇ ਮੌਕੇ ਬਣਾਉਣਾ

ਲੀਡਰਸ਼ਿਪ ਭੂਮਿਕਾਵਾਂ ਵਿੱਚ ਔਰਤਾਂ ਨੂੰ ਉਤਸ਼ਾਹਿਤ ਕਰਨਾ

ਸਟੀਰੀਓਟਾਈਪਾਂ ਅਤੇ ਸੱਭਿਆਚਾਰਕ ਰੁਕਾਵਟਾਂ ਨੂੰ ਚੁਣੌਤੀ ਦੇਣ ਲਈ ਜਾਗਰੂਕਤਾ ਪੈਦਾ ਕਰਨਾ

ਸਿੱਟਾ


ਐਸਟੀਈਐਮ ਵਿੱਚ ਔਰਤਾਂ ਸਿਰਫ਼ ਭਾਗੀਦਾਰ ਨਹੀਂ ਹਨ ਉਹ ਨਵੀਨਤਾਕਾਰੀ, ਆਗੂ ਅਤੇ ਬਦਲਾਅ ਲਿਆਉਣ ਵਾਲੇ ਹਨ।

ਜਦੋਂ ਕਿ ਸਰਕਾਰੀ ਪਹਿਲਕਦਮੀਆਂ ਅਤੇ ਵਿਦਿਅਕ ਸੁਧਾਰਾਂ ਨੇ ਰਸਤੇ ਬਣਾਏ ਹਨ, ਐਸਟੀਈਐਮ ਵਿੱਚ ਸੱਚੀ ਲਿੰਗ ਸਮਾਨਤਾ ਵੱਲ ਯਾਤਰਾ ਜਾਰੀ ਹੈ। ਇਸ ਪਾੜੇ ਨੂੰ ਪੂਰਾ ਕਰਨਾ ਨਾ ਸਿਰਫ਼ ਇੱਕ ਸਮਾਜਿਕ ਲੋੜ ਹੈ ਬਲਕਿ ਇੱਕ ਆਰਥਿਕ ਲਾਜ਼ਮੀ ਵੀ ਹੈ। ਐਸਟੀਈਐਮ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣ ਦਾ ਮਤਲਬ ਹੈ ਇੱਕ ਦੇਸ਼ ਦੀ ਪੂਰੀ ਸਮਰੱਥਾ ਨੂੰ ਖੋਲ੍ਹਣਾ।

Now Open New Banquet Hall in Sacramento
For more info: Contact Paul : (916)334-6000




CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਆਪਣੇ ਜਨਮ ਦਿਨ 'ਤੇ

ਸੱਤਰ ਵਰ੍ਹਿਆਂ ਦਾ ਹੋ ਗਿਆਂ, ਮੈਂ ਤਾਂ ਮਿੱਤਰੋ ਅੱਜ,
ਤੁਹਾਥੋਂ ਦੁਆਵਾਂ ਲੈਣ ਦਾ, ਮਿਲ ਗਿਆ ਹੈ ਪੱਜ।
ਤੀਹ ਵਰ੍ਹਿਆਂ ਦੀ ਉਮਰ ਵਿੱਚ, ਲੈ ਕੇ ਲਾਵਾਂ ਚਾਰ,
ਮਿਲਿਆ ਸੀ ਸੁਰਜੀਤ ਦਾ, ਉਮਰ ਭਰ ਦਾ ਸਾਥ।
ਤਿੰਨ ਵਰ੍ਹਿਆਂ ਵਿੱਚ ਬਣਿਆ, ਦੋ ਬੱਚਿਆਂ ਦਾ ਬਾਪ,
ਸਭ ਦੇ ਘਰ ਖੇਡਣ ਬੱਚੇ, ਇਹੋ ਮੇਰੀ ਅਰਦਾਸ।
ਵੱਡੇ ਹੋ ਗਏ ਬੱਚੇ, ਰਹੇ ਵਿਹਲੜਾਂ ਤੋਂ ਦੂਰ,
ਦੋਵੇਂ ਨੌਕਰੀ ਲੱਗ ਗਏ, ਕਰਕੇ ਪੜ੍ਹਾਈ ਖੂਬ।
ਮੌਤ ਦਾ ਡੰਡਾ ਚੱਲਿਆ, ਇਸੇ ਸਮੇਂ ਦੌਰਾਨ,
ਮਾਂ -ਬਾਪ ਤੇ ਵੱਡਾ ਵੀਰ, ਰਹੇ ਨਾ ਵਿੱਚ ਸੰਸਾਰ।
ਆਪਣੇ ਵੱਲੋਂ ਮੈਂ ਕੀਤਾ, ਉਹਨਾਂ ਦਾ ਸਤਿਕਾਰ,
ਉਹਨਾਂ ਨੇ ਵੀ ਮੇਰੀ ਝੋਲੀ, ਭਰੀ ਨਾਲ ਪਿਆਰ।
ਮੇਰੇ ਤੇ ਆਫਤ ਆਣ ਤੇ, ਵੀਰ ਖੜ੍ਹ ਗਏ ਨਾਲ,
ਦਿਲ ਚੋਂ ਨਿਰਾਸ਼ਾ ਕੱਢ ਕੇ, ਮੈਨੂੰ ਲਿਆ ਸੰਭਾਲ।
ਮੌਤ ਤਾਂ ਆਣੀ ਸਭ ਨੂੰ, ਕਿਹੜਾ ਸਕਿਆ ਟਾਲ,
ਉਹ ਭੁੱਲ ਗਏ ਲੋਕਾਂ ਨੂੰ, ਜੋ ਤੁਰੇ ਉਮਰਾਂ ਗਾਲ।
ਜਿਨ੍ਹਾਂ ਲੋਕਾਂ ਵਾਸਤੇ, ਵੇਖਿਆ ਨਾ ਦਿਨ -ਰਾਤ,
ਉਹ ਦੇ ਗਏ ਉਹਨਾਂ ਨੂੰ ਸੁੱਖਾਂ ਦੀ ਸੁਗਾਤ।
ਜੇ ਛੱਡ ਕੇ ਖ਼ੁਦਗਰਜ਼ੀਆਂ, ਰਹੀਏ ਨਾਲ ਪਿਆਰ,
ਬਣ ਜਾਵੇਗਾ ਸਵੱਰਗ, ਸੱਚੀਂ ਇਹ ਸੰਸਾਰ।




# ਜਾਂਦਾ ਕਿੱਥੇ ਆ..?

ਉਹ ਗੋਲੀਆਂ ਨੂੰ ਗੋਲ-ਘਚਾਰੇ 'ਚ ਰੱਖ ਕੇ ਇੱਕ ਮਿੱਥੀ ਥਾਂ ਤੋਂ ਵਾਰੋ-ਵਾਰੀ ਨਿਸ਼ਾਨੇ ਸੇਧਦਿਆਂ ਆਪਸ ਵਿੱਚ ਗੱਲਾਂ ਕਰ ਰਹੇ ਸਨ। ਅੰਮ੍ਰਿਤ ਨੇ ਕਿਹਾ,"ਮੇਰੇ ਪਾਪਾ ਨੇ ਬੀ. ਕਾਮ ਕੀਤੀ ਆ ਉਹ ਅਕਾਉਂਟੈਂਟ ਹਨ ਬੈਂਕ ਜਾਂਦੇ ਨੇ। ਨੀਤੀ ਕਹਿੰਦੀ ਮੇਰੇ ਡੈਡੀ ਇੰਜੀਨੀਅਰ ਨੇ ਉਹ ਵੱਡੀ ਫੈਕਟਰੀ 'ਚ ਜਾਂਦੇ ਹਨ। ਨਾਲ ਹੀ ਗੁਰਨੀਤ ਬੋਲੀ ਮੇਰੇ ਪਾਪਾ ਨੇ ਲਾਅ ਕੀਤੀ ਹੈ। ਉਹ ਕਾਲਾ ਕੋਟ ਪਾ ਕੇ ਜਿਲ੍ਹੇ ਦੀਆਂ ਕਚਿਹਰੀਆਂ ਵਿੱਚ ਜਾਂਦੇ ਨੇ।
ਕੁੱਕੂ ਨੇ ਅੱਗੇ ਹੋ ਇੱਕੋ ਸਾਹੇਂ ਆਪਣੇ ਪਿਤਾ ਜੀ ਦੀਆਂ ਸਾਰੀਆਂ ਡਿਗਰੀਆਂ ਗਿਣਾਈਆਂ ਮੇਰੇ ਪਿਤਾ ਜੀ ਡਬਲ ਐੱਮ ਏ, ਬੀ. ਐੱਡ, ਐੱਮ ਫਿੱਲ ਨੇ। ਅਜੇ ਉਹ ਡਿਗਰੀਆਂ ਗਿਣਾ ਹੀ ਰਿਹਾ ਸੀ ਕਿ ਸਾਰੇ ਇੱਕ ਦਮ ਬੋਲੇ ਜਾਂਦੇ ਕਿੱਥੇ ਨੇ..?
ਕੂੱਕੂ ਨੇ ਹੌਲੀ ਜਹੀ ਆਵਾਜ਼ 'ਚ ਕਿਹਾ ਜਾਂਦੇ ਤਾਂ ਦਿਹਾੜੀ ਹੀ ਨੇ..!
ਸਾਰੇ ਇੱਕ ਦੂਜੇ ਵੱਲ ਵੇਖਣ ਲੱਗੇ।




LARRY T. NIERMEYER
Attorney at Law

OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।


**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



GURDIP S SANDHU




Consultant/Physician Since 1973
DHMS-Gold Medalist, BAMS, MDEH
Ex-Prof, Principal & CMO Medical Colleges/Hospitals in India

(408) 687-1899    (925) 587-1148

**Homeopathic Medicine and Notary Consultancy**

9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੌਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਣਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551




SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260